Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 17 16/05/2025 www.samajweekly.com samajweekly @samajweekly samajweekly

ਪਹਿਲ ਦੇ ਆਧਾਰ 'ਤੇ ਵਿਸ਼ੇਸ਼ ਪੋਕਸੋ ਅਦਾਲਤਾਂ ਸਥਾਪਤ ਕਰੇ ਕੇਂਦਰ ਸਰਕਾਰ : ਸੁਪਰੀਮ ਕੋਰਟ

''ਕਾਨੂੰਨ ਦੇ ਤਹਿਤ ਮੁਕੱਦਮਿਆਂ ਨੂੰ ਪੂਰਾ ਕਰਨ ਲਈ ਨਿਰਧਾਰਤ ਸਮਾਂ-ਸੀਮਾਵਾਂ ਦੀ ਪਾਲਣਾ ਨਹੀਂ ਕੀਤੀ ਜਾ ਰਹੀ ਹੈ''

ਨਵੀਂ ਦਿਲੀ। ਸੁਪਰੀਮ ਕੋਰਟ ਨੇ ਕੇਂਦਰ ਨੂੰ ਨਿਰਦੇਸ਼ ਦਿਤਾ ਕਿ ਉਹ ਬੱਚਿਆਂ ਵਿਰੁਧ ਜਿਨਸੀ ਅਪਰਾਧਾਂ ਦੇ ਮਾਮਲਿਆਂ ਨਾਲ ਨਜਿੱਠਣ ਲਈ 'ਪਹਿਲੀ ਤਰਜੀਹ ਦੇ ਆਧਾਰ 'ਤੇ' ਸਮਰਪਿਤ ਪੋਕਸੋ ਅਦਾਲਤਾਂ ਸਥਾਪਤ ਕਰੇ। ਜਸਟਿਸ ਬੇਲਾ ਐਮ ਤ੍ਰਿਵੇਦੀ ਅਤੇ ਪੀ ਬੀ ਵਰਾਲੇ ਦੇ ਬੈਂਚ ਨੇ ਵੀਰਵਾਰ ਨੂੰ ਕਿਹਾ ਕਿ ਬੱਚਿਆਂ ਦੇ ਜਿਨਸੀ ਅਪਰਾਧਾਂ ਤੋਂ ਸੁਰੱਖਿਆ (ਪੋਕਸੋ) ਐਕਟ ਦੇ ਤਹਿਤ ਮਾਮਲਿਆਂ ਲਈ ਵਿਸ਼ੇਸ਼ ਅਦਾਲਤਾਂ ਦੀ ਨਾਕਾਫ਼ੀ ਗਿਣਤੀ ਕਾਰਨ, ਕਾਨੂੰਨ ਦੇ ਤਹਿਤ ਮੁਕੱਦਮਿਆਂ ਨੂੰ ਪੂਰਾ ਕਰਨ ਲਈ ਨਿਰਧਾਰਤ ਸਮਾਂ-ਸੀਮਾਵਾਂ ਦੀ ਪਾਲਣਾ ਨਹੀਂ ਕੀਤੀ ਜਾ ਰਹੀ ਹੈ।

ਬੈਂਚ ਨੇ ਕਿਹਾ, ''ਇਸ ਲਈ, ਇਹ ਉਮੀਦ ਕੀਤੀ ਜਾਂਦੀ ਹੈ ਕਿ ਭਾਰਤ ਸੰਘ ਅਤੇ ਰਾਜ ਸਰਕਾਰਾਂ ਪੋਕਸੋ ਮਾਮਲਿਆਂ ਦੀ ਜਾਂਚ ਵਿਚ ਲੱਗੇ ਅਧਿਕਾਰੀਆਂ ਨੂੰ ਸੰਵੇਦਨਸ਼ੀਲ ਬਣਾਉਣ ਲਈ ਢੁਕਵੇਂ ਕਦਮ ਚੁੱਕਣਗੀਆਂ। ਅਤੇ ਤਰਜੀਹ ਦੇ ਆਧਾਰ 'ਤੇ ਪੋਕਸੋ ਮਾਮਲਿਆਂ ਦੀ ਸੁਣਵਾਈ ਲਈ ਸਮਰਪਿਤ ਅਦਾਲਤਾਂ ਵੀ ਸਥਾਪਤ ਕੀਤੀਆਂ ਜਾਣਗੀਆਂ।'' ਸੁਪਰੀਮ ਕੋਰਟ ਨੇ ਕਾਨੂੰਨ ਵਿਚ ਨਿਰਧਾਰਤ ਲਾਜ਼ਮੀ ਸਮੇਂ ਦੇ ਅੰਦਰ ਚਾਰਜਸ਼ੀਟ ਦਾਇਰ ਕਰਨ ਦੇ ਨਾਲ-ਨਾਲ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਮੁਕੱਦਮਾ ਪੂਰਾ ਕਰਨ ਦੇ ਵੀ ਨਿਰਦੇਸ਼ ਦਿਤੇ। ਸੁਪਰੀਮ ਕੋਰਟ ਨੇ ਕਿਹਾ ਕਿ ਜ਼ਿਆਦਾਤਰ ਰਾਜਾਂ ਨੇ ਕੇਂਦਰ ਤੋਂ ਫ਼ੰਡਿੰਗ ਨਾਲ ਪੋਕਸੋ ਮਾਮਲਿਆਂ ਲਈ ਵਿਸ਼ੇਸ਼ ਅਦਾਲਤਾਂ ਸਥਾਪਤ ਕਰਨ ਦੇ ਨਿਰਦੇਸ਼ਾਂ ਦੀ ਪਾਲਣਾ ਕੀਤੀ ਹੈ, ਜਦੋਂ ਕਿ ਤਾਮਿਲਨਾਡੂ, ਬਿਹਾਰ, ਉੱਤਰ ਪ੍ਰਦੇਸ਼, ਪੱਛਮੀ ਬੰਗਾਲ, ਓਡੀਸ਼ਾ, ਮਹਾਰਾਸ਼ਟਰ ਅਤੇ ਕੁਝ ਹੋਰ ਰਾਜਾਂ ਨੇ ਅਜਿਹਾ ਨਹੀਂ ਕੀਤਾ ਹੈ।

ਅਜਿਹੇ ਮਾਮਲਿਆਂ ਦੀ ਵੱਡੀ ਗਿਣਤੀ ਨੂੰ ਦੇਖਦੇ ਹੋਏ, ਹੋਰ ਪੋਕਸੋ ਅਦਾਲਤਾਂ ਦੀ ਲੋੜ ਹੈ। ਸੁਪਰੀਮ ਕੋਰਟ ਬੱਚਿਆਂ ਨਾਲ ਜਿਨਸੀ ਸ਼ੋਸ਼ਣ ਦੀਆਂ ਘਟਨਾਵਾਂ ਵਿਚ ਚਿੰਤਾਜਨਕ ਵਾਧੇ ਨੂੰ ਉਜਾਗਰ ਕਰਨ ਵਾਲੀ ਇਕ ਪਟੀਸ਼ਨ 'ਤੇ ਸੁਣਵਾਈ ਕਰ ਰਿਹਾ ਸੀ।

ਭਾਖੜਾ ਦੇ ਪਾਣੀ 'ਤੇ ਪੰਜਾਬ ਤੇ ਹਰਿਆਣਾ ਖਹਿਬੜੇ

ਚੰਡੀਗੜ੍ਹ। ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀਬੀਐਮਬੀ) ਦੀ ਤਕਨੀਕੀ ਕਮੇਟੀ ਦੀ ਮੀਟਿੰਗ ਵਿੱਚ ਅੱਜ ਪੰਜਾਬ ਤੇ ਹਰਿਆਣਾ ਭਾਖੜਾ ਨਹਿਰ ਦੇ ਪਾਣੀ ਨੂੰ ਲੈ ਕੇ ਆਪਸ ਵਿੱਚ ਖਹਿਬੜ ਪਏ। ਹਰਿਆਣਾ ਨੂੰ ਵਾਧੂ ਪਾਣੀ ਦੇਣ ਦੇ ਫ਼ੈਸਲੇ ਨੂੰ ਲੈ ਕੇ ਲੰਘੇ ਦਿਨਾਂ ਵਿੱਚ ਚੱਲੇ ਵਿਵਾਦ ਮਗਰੋਂ ਬੀਬੀਐਮਬੀ ਦੀ ਇਹ ਪਹਿਲੀ ਮੀਟਿੰਗ ਸੀ, ਜਿਸ ਵਿੱਚ ਪੰਜਾਬ ਨੇ ਸ਼ਮੂਲੀਅਤ ਕੀਤੀ। ਮੀਟਿੰਗ ਵਿੱਚ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਮੁੱਖ ਇੰਜਨੀਅਰਾਂ ਨੇ 21 ਮਈ ਤੋਂ 31 ਮਈ ਤੱਕ ਦਸ ਦਿਨਾਂ ਦੇ ਪਾਣੀ ਦੀ ਆਪੋ-ਆਪਣੀ ਮੰਗ ਦਿੱਤੀ। ਮੀਟਿੰਗ ਵਿੱਚ ਪੰਜਾਬ ਨੇ ਦਸ ਦਿਨਾਂ ਲਈ 17 ਹਜ਼ਾਰ ਕਿਊਸਕ, ਰਾਜਸਥਾਨ ਨੇ 12 ਹਜ਼ਾਰ ਕਿਊਸਕ ਅਤੇ ਹਰਿਆਣਾ ਨੇ 10,300 ਕਿਊਸਕ ਪਾਣੀ ਦੀ ਮੰਗ ਰੱਖੀ। ਪੰਜਾਬ ਵਿੱਚ ਮੌਜੂਦਾ ਸਮੇਂ ਪਾਣੀ ਦੀ ਮੰਗ 16 ਹਜ਼ਾਰ ਕਿਊਸਕ ਚੱਲ ਰਹੀ ਹੈ। ਮੀਟਿੰਗ ਵਿੱਚ

ਪੰਜਾਬ ਸਰਕਾਰ ਦੇ ਮੁੱਖ ਇੰਜਨੀਅਰਾਂ ਨੇ ਝੋਨੇ ਦੇ ਸੀਜ਼ਨ ਦੌਰਾਨ 35 ਫ਼ੀਸਦੀ ਵੱਧ ਪਾਣੀ ਦੀ ਮੰਗ ਦਾ ਖਾਕਾ ਪੇਸ਼ ਕੀਤਾ। ਪੰਜਾਬ ਸਰਕਾਰ ਨੇ ਦੱਸਿਆ ਕਿ ਪਿਛਲੇ ਸਾਲ ਝੋਨੇ ਦੇ ਸੀਜ਼ਨ ਵਿੱਚ 26 ਹਜ਼ਾਰ ਕਿਊਸਕ ਪਾਣੀ ਦੀ ਮੰਗ ਸੀ ਪ੍ਰੰਤੂ ਹੁਣ ਜਦੋਂ ਪੁਰਾਣੇ ਰਜਵਾਹੇ ਸੁਰਜੀਤ ਹੋ ਗਏ ਹਨ ਤਾਂ ਐਤਕੀਂ ਇਹ ਮੰਗ 35 ਹਜ਼ਾਰ ਕਿਊਸਕ ਦੀ ਹੋ ਗਈ ਹੈ। ਮੀਟਿੰਗ ਵਿੱਚ ਪਹਿਲਾਂ ਜੂਨ ਮਹੀਨੇ ਦੀ ਪਾਣੀ ਦੀ ਮੰਗ ਬਾਰੇ ਚਰਚਾ ਹੋਣੀ ਸੀ ਪ੍ਰੰਤੂ ਬਾਅਦ ਵਿੱਚ ਦਸ ਦਿਨਾਂ ਲਈ ਪਾਣੀ ਦੀ ਮੰਗ 'ਤੇ ਚਰਚਾ ਹੋਈ। ਬੀਬੀਐਮਬੀ ਦੇ ਚੇਅਰਮੈਨ ਮਨੋਜ ਤ੍ਰਿਪਾਠੀ ਦੀ ਭੂਮਿਕਾ ਤੋਂ ਅੱਜ ਪੰਜਾਬ ਨੂੰ ਥੋੜ੍ਹੀ ਤਸੱਲੀ ਹੋਈ।

'ਮੈਂ ਨਹੀਂ ਚਾਹੁੰਦਾ ਕਿ ਤੁਸੀਂ ਭਾਰਤ ਵਿੱਚ ਨਿਰਮਾਣ ਕਰੋ, ਉਹ ਆਪਣਾ ਧਿਆਨ ਰੱਖਣਗੇ: ਟਰੰਪ

ਨਵੀਂ ਦਿਲੀ। ਭਾਰਤ ਅਤੇ ਅਮਰੀਕਾ ਵਿਚਕਾਰ ਟੈਰਿਫ ਨੂੰ ਲੈ ਕੇ ਵਪਾਰਕ ਗੱਲਬਾਤ ਚੱਲ ਰਹੀ ਹੈ। ਇਸ ਦੌਰਾਨ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਪਲ ਦੇ ਸੀਈਓ ਟਿਮ ਕੁੱਕ ਨੂੰ ਭਾਰਤ ਵਿੱਚ ਐਪਲ ਉਤਪਾਦਾਂ ਦੇ ਨਿਰਮਾਣ ਤੋਂ ਮਨ੍ਹਾ ਕਰ ਦਿੱਤਾ ਹੈ। ਟਰੰਪ ਨੇ ਕਿਹਾ ਕਿ ਮੈਂ ਨਹੀਂ ਚਾਹੁੰਦਾ ਕਿ ਤੁਸੀਂ ਭਾਰਤ ਵਿੱਚ ਐਪਲ ਉਤਪਾਦ ਬਣਾਓ, ਉਹ ਖੁਦ ਧਿਆਨ ਰੱਖਣਗੇ। ਇਸ ਤੋਂ ਇਲਾਵਾ ਟਰੰਪ ਨੇ ਇੱਕ ਹੋਰ ਵੱਡਾ ਦਾਅਵਾ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਭਾਰਤ ਨੇ ਕਈ ਅਮਰੀਕੀ ਉਤਪਾਦਾਂ 'ਤੇ ਜ਼ੀਰੋ ਟੈਰਿਫ ਲਗਾਉਣ ਦੀ ਪੇਸ਼ਕਸ਼ ਕੀਤੀ ਹੈ। ਰਾਇਟਰਜ਼ ਦੀ ਇੱਕ ਰਿਪੋਰਟ ਦੇ ਅਨੁਸਾਰ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਭਾਰਤ ਨੇ ਅਮਰੀਕੀ ਸਾਮਾਨਾਂ

'ਤੇ ਟੈਰਿਫ ਘਟਾਉਣ ਦੀ ਪੇਸ਼ਕਸ਼ ਕੀਤੀ ਹੈ ਕਿਉਂਕਿ ਭਾਰਤ ਆਯਾਤ ਟੈਕਸ 'ਤੇ ਸਮਝੌਤਾ ਚਾਹੁੰਦਾ ਹੈ। ਵੀਰਵਾਰ ਨੂੰ ਕਤਰ ਵਿੱਚ ਵਪਾਰਕ ਆਗੂਆਂ ਨਾਲ ਇੱਕ ਸਮਾਗਮ ਵਿੱਚ ਬੋਲਦਿਆਂ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਭਾਰਤ ਸਰਕਾਰ ਨੇ ਸਾਨੂੰ ਇੱਕ ਸੌਦੇ ਦੀ ਪੇਸ਼ਕਸ਼ ਕੀਤੀ ਹੈ ਜਿਸ ਦੇ ਤਹਿਤ ਉਹ ਮੂਲ ਰੂਪ ਵਿੱਚ ਸਾਡੇ ਤੋਂ ਕੋਈ ਵੀ ਟੈਰਿਫ ਨਾ ਲੈਣ ਲਈ ਤਿਆਰ ਹਨ। ਉਨ੍ਹਾਂ ਨੇ ਵਾਸ਼ਿੰਗਟਨ ਅਤੇ ਨਵੀਂ ਦਿੱਲੀ ਵਿਚਕਾਰ ਚੱਲ ਰਹੀ ਵਪਾਰਕ ਗੱਲਬਾਤ ਵਿੱਚ ਪ੍ਰਗਤੀ ਦਾ ਸੰਕੇਤ ਦਿੱਤਾ। ਇੱਕ ਦਿਨ ਪਹਿਲਾਂ ਮਿਸ਼ੀਗਨ ਵਿੱਚ ਬੋਲਦਿਆਂ, ਟਰੰਪ ਨੇ ਕਿਹਾ ਸੀ ਕਿ ਭਾਰਤ ਨਾਲ ਟੈਰਿਫ ਗੱਲਬਾਤ ਬਹੁਤ ਵਧੀਆ ਚੱਲ ਰਹੀ ਹੈ। ਅਤੇ ਜਲਦੀ ਹੀ ਸੌਦਾ ਪੂਰਾ ਹੋ ਜਾਵੇਗਾ। ਟਰੰਪ ਨੇ ਐਪਲ ਨੂੰ ਭਾਰਤ ਵਿੱਚ ਨਿਰਮਾਣ ਨਾ ਕਰਨ ਲਈ ਕਿਹਾ। ਡੋਨਾਲਡ ਟਰੰਪ ਨੇ ਅੱਗੇ ਕਿਹਾ ਕਿ ਨਵੀਂ ਦਿੱਲੀ ਦੇ ਉੱਚ ਟੈਰਿਫ ਭਾਰਤ ਵਿੱਚ ਅਮਰੀਕੀ ਕਾਰੋਬਾਰਾਂ ਨੂੰ ਪ੍ਰਭਾਵਿਤ ਕਰਦੇ ਹਨ। ਉਸਨੇ ਐਪਲ ਦੇ ਸੀਈਓ ਟਿਮ ਕੁੱਕ ਨੂੰ ਭਾਰਤ ਵਿੱਚ ਨਿਰਮਾਣ ਨਾ ਕਰਨ ਲਈ ਕਿਹਾ। ਉਸਦਾ ਇਸ਼ਾਰਾ ਅਮਰੀਕਾ ਵਿੱਚ ਹੋ ਰਹੇ ਐਪਲ ਦੇ ਉਤਪਾਦਨ ਵੱਲ ਇਸ਼ਾਰਾ ਸੀ। ਡੋਨਾਲਡ ਟਰੰਪ ਦੀ ਹਮਲਾਵਰ ਟੈਰਿਫ ਮੁਹਿੰਮ ਦਾ ਉਦੇਸ਼ ਅਮਰੀਕੀ ਵਪਾਰ ਘਾਟੇ ਨੂੰ ਘਟਾਉਣਾ ਅਤੇ ਘਰੇਲੂ ਨਿਰਮਾਣ ਨੂੰ ਵਧਾਉਣਾ ਹੈ। ਇਸ ਟੈਰਿਫ ਕਾਰਨ, ਭਾਰਤੀ ਨਿਰਯਾਤਕ, ਖਾਸ ਕਰਕੇ ਸਮੁੰਦਰੀ ਭੋਜਨ ਅਤੇ ਧਾਤੂ ਨਿਰਯਾਤ, ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਕਰਨ ਦੀ ਅਪੀਲ

ਚੰਡੀਗੜ੍ਹ। ਰਾਜ ਦੇ 15-20% ਕੀਮਤੀ ਭੂਮੀਗਤ ਪਾਣੀ ਨੂੰ ਬਚਾਉਣ ਦੇ ਉਦੇਸ਼ ਨਾਲ ਇੱਕ ਕਦਮ ਅੱਗੇ ਵਧਦੇ ਹੋਏ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਵੀਰਵਾਰ ਨੂੰ ਝੋਨੇ ਦੀ ਸਿੱਧੀ ਬਿਜਾਈ (ਡੀਐਸਆਰ) ਸ਼ੁਰੂ ਕੀਤੀ ਜੋ ਭੂਮੀਗਤ ਪਾਣੀ ਦੇ ਹੋਰ ਘਟਣ ਨੂੰ ਰੋਕਣ ਲਈ ਇੱਕ ਉਤਪ੍ਰੇਰਕ ਵਜੋਂ ਕੰਮ ਕਰੇਗੀ ਅਤੇ ਨਾਲ ਹੀ ਕਿਸਾਨਾਂ ਦੀ ਆਮਦਨ ਨੂੰ ਵੱਡੇ ਪੱਧਰ 'ਤੇ ਵਧਾਏਗੀ। ਅੱਜ ਇੱਥੇ ਜਾਰੀ ਇੱਕ ਬਿਆਨ ਵਿੱਚ, ਮੁੱਖ ਮੰਤਰੀ ਨੇ ਕਿਹਾ ਕਿ ਆਪਣੇ ਅਹੁਦੇ ਦਾ ਚਾਰਜ ਸੰਭਾਲਣ ਤੋਂ ਬਾਅਦ ਉਨ੍ਹਾਂ ਦੀ ਸਰਕਾਰ ਨੇ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਕਈ ਮਹੱਤਵਪੂਰਨ ਪਹਿਲਕਦਮੀਆਂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਇਸ ਯਤਨ ਦੇ ਹਿੱਸੇ ਵਜੋਂ ਹੀ ਸੂਬਾ ਸਰਕਾਰ ਨੇ ਝੋਨੇ ਦੀ ਕਾਸ਼ਤ ਦੀ ਡੀਐਸਆਰ ਤਕਨੀਕ ਨੂੰ ਉਤਸ਼ਾਹਿਤ ਕੀਤਾ ਹੈ ਜਿਸ ਦੇ ਹਿੱਸੇ ਵਜੋਂ ਅੱਜ (ਵੀਰਵਾਰ) ਤੋਂ ਇਸ ਸਕੀਮ ਤਹਿਤ ਬਿਜਾਈ ਸ਼ੁਰੂ ਕਰ ਦਿੱਤੀ ਗਈ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਇਸ ਸਾਉਣੀ ਸੀਜ਼ਨ ਦੌਰਾਨ ਪੰਜ

ਲੱਖ ਏਕੜ ਜ਼ਮੀਨ ਨੂੰ ਡੀਐਸਆਰ ਤਕਨੀਕ ਅਧੀਨ ਲਿਆਉਣ ਦਾ ਟੀਚਾ ਰੱਖਿਆ ਹੈ।

ਕਿਸਾਨਾਂ ਨੂੰ ਇਸ ਯੋਜਨਾ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਪਹਿਲਕਦਮੀ ਦਾ ਉਦੇਸ਼ ਇੱਕ ਪਾਸੇ ਟਿਕਾਊ ਖੇਤੀਬਾੜੀ ਨੂੰ ਉਤਸ਼ਾਹਿਤ ਕਰਨਾ ਹੈ ਅਤੇ ਦੂਜੇ ਪਾਸੇ ਧਰਤੀ ਹੇਠਲੇ ਪਾਣੀ ਦੀ ਸੰਭਾਲ ਕਰਨਾ ਹੈ। ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਇਹ ਉਨ੍ਹਾਂ ਲਈ ਬਹੁਤ ਮਾਣ ਅਤੇ ਸੰਤੁਸ਼ਟੀ ਦੀ ਗੱਲ ਹੈ ਕਿ ਸੂਬਾ ਸਰਕਾਰ ਡੀਐਸਆਰ ਅਪਣਾਉਣ ਵਾਲੇ ਕਿਸਾਨਾਂ ਨੂੰ ਪ੍ਰਤੀ ਏਕੜ 1,500 ਰੁਪਏ ਦੀ ਵਿੱਤੀ ਸਹਾਇਤਾ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਵਿੱਤੀ ਸਾਲ 2025-26 ਵਿੱਚ ਇਸ ਉਦੇਸ਼ ਲਈ 40 ਕਰੋੜ ਰੁਪਏ ਦਾ ਬਜਟ ਅਲਾਟਮੈਂਟ ਵੀ ਰੱਖਿਆ ਹੈ ਅਤੇ ਇਸ ਵਿੱਚ ਦਿਲਚਸਪੀ ਰੱਖਣ ਵਾਲੇ ਕਿਸਾਨ 10 ਮਈ ਤੋਂ 30 ਜੂਨ, 2025 ਤੱਕ ਔਨਲਾਈਨ ਪੋਰਟਲ ਓਗਰਿਮਓਚਾਂ-ਹਨਏਰੇਪਬ.ਚੋਮ 'ਤੇ ਡੀਐਸਆਰ ਸਕੀਮ ਲਈ ਰਜਿਸਟਰ ਕਰ ਸਕਦੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਇਹ ਸਕੀਮ ਸੂਬੇ ਵਿੱਚ 15-20% ਭੂਮੀਗਤ ਪਾਣੀ ਦੀ ਬਚਤ ਕਰਨ ਦੇ ਨਾਲ-ਨਾਲ ਖੇਤੀਬਾੜੀ 'ਤੇ ਵਾਧੂ ਖਰਚਿਆਂ ਨੂੰ ਵੀ ਬਚਾਏਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਡੀਐਸਆਰ ਤਕਨੀਕ ਸੂਬੇ ਲਈ ਇੱਕ ਵੱਡਾ ਵਰਦਾਨ ਹੈ ਕਿਉਂਕਿ ਇਹ ਧਰਤੀ ਹੇਠਲੇ ਪਾਣੀ ਦੇ ਡਿੱਗਦੇ ਪੱਧਰ ਨੂੰ ਰੋਕਣ ਵਿੱਚ ਮਦਦ ਕਰੇਗੀ ਅਤੇ ਨਾਲ ਹੀ ਪ੍ਰਤੀ ਏਕੜ ਲਗਭਗ 3,500 ਰੁਪਏ ਦੀ ਕਿਰਤ ਲਾਗਤ ਨੂੰ ਘਟਾਏਗੀ।

ਜੰਮੂ-ਕਸ਼ਮੀਰ ਦੇ ਪੁਲਵਾਮਾ ਵਿੱਚ ਮੁਕਾਬਲੇ ਵਿੱਚ ਮਾਰੇ 3 ਅਤਿਵਾਦੀ

ਜੰਮੂ। ਜੰਮੂ-ਕਸ਼ਮੀਰ ਦੇ ਪੁਲਵਾਮਾ ਜ਼ਿਲ੍ਹੇ ਵਿੱਚ ਵੀਰਵਾਰ ਨੂੰ ਸੁਰੱਖਿਆ ਬਲਾਂ ਨਾਲ ਹੋਏ ਮੁਕਾਬਲੇ ਵਿੱਚ ਤਿੰਨ ਅਤਿਵਾਦੀ ਮਾਰੇ ਗਏ। ਪੁਲਿਸ ਨੇ ਇਹ ਜਾਣਕਾਰੀ ਦਿੱਤੀ। ਇੱਕ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਦੱਖਣੀ ਕਸ਼ਮੀਰ ਦੇ ਅਵੰਤੀਪੁਰਾ ਦੇ ਨਾਦੇਰ ਤ੍ਰਾਲ ਇਲਾਕੇ ਵਿੱਚ ਅਤਿਵਾਦੀਆਂ ਦੀ ਮੌਜੂਦਗੀ ਬਾਰੇ ਸਹੀ ਜਾਣਕਾਰੀ ਮਿਲਣ ਤੋਂ ਬਾਅਦ, ਸੁਰੱਖਿਆ ਬਲਾਂ ਨੇ ਇਲਾਕੇ ਨੂੰ ਘੇਰ ਲਿਆ ਅਤੇ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ। ਉਨ੍ਹਾਂ ਕਿਹਾ ਕਿ ਤਲਾਸ਼ੀ ਮੁਹਿੰਮ ਦੌਰਾਨ ਲੁਕੇ ਹੋਏ ਅਤਿਵਾਦੀਆਂ ਨੇ ਸੁਰੱਖਿਆ ਬਲਾਂ 'ਤੇ ਗੋਲੀਬਾਰੀ ਕੀਤੀ, ਜਿਸ ਤੋਂ ਬਾਅਦ ਮੁਕਾਬਲਾ ਸ਼ੁਰੂ ਹੋ ਗਿਆ। ਅਧਿਕਾਰੀ ਨੇ ਕਿਹਾ ਕਿ ਜਵਾਬੀ ਕਾਰਵਾਈ ਵਿੱਚ ਤਿੰਨ ਅਤਿਵਾਦੀ ਮਾਰੇ ਗਏ। ਅਤਿਵਾਦੀਆਂ ਦੀ ਪਛਾਣ ਅਤੇ ਉਨ੍ਹਾਂ ਦੇ ਸੰਗਠਨ ਬਾਰੇ ਜਾਣਕਾਰੀ ਇਕੱਠੀ ਕੀਤੀ ਜਾ ਰਹੀ ਹੈ। ਪੁਲਿਸ ਅਨੁਸਾਰ ਇਲਾਕੇ ਵਿੱਚ ਤਲਾਸ਼ੀ ਮੁਹਿੰਮ ਅਜੇ ਵੀ ਜਾਰੀ ਹੈ।

ਸੰਗਰੂਰ ਜੇਲ੍ਹ ਅੰਦਰ ਚੱਲ ਰਹੇ ਨਸ਼ਾ ਤਸਕਰੀ ਰੈਕੇਟ ਦਾ ਪਰਦਾਫਾਸ਼

ਚੰਡੀਗੜ੍ਹ/ਸੰਗਰੂਰ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸ਼ੁਰੂ ਕੀਤੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੌਰਾਨ ਵੱਡੀ ਸਫ਼ਲਤਾ ਹਾਸਲ ਕਰਦਿਆਂ, ਸੰਗਰੂਰ ਪੁਲਿਸ ਨੇ ਜੇਲ੍ਹ ਦੇ ਅੰਦਰੋਂ ਚੱਲ ਰਹੇ ਤਸਕਰੀ ਰੈਕੇਟ ਦਾ ਪਰਦਾਫਾਸ਼ ਕਰਕੇ ਇਸ ਕੇਸ ਵਿੱਚ ਜੇਲ੍ਹ ਦੇ ਡਿਪਟੀ ਸੁਪਰਡੈਂਟ ਆਫ਼ ਪੁਲਿਸ (ਡੀਐਸਪੀ) ਸੁਰੱਖਿਆ ਗੁਰਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਅੱਜ ਇਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਭਰੋਸੇਯੋਗ ਜਾਣਕਾਰੀ 'ਤੇ ਕਾਰਵਾਈ ਕਰਦਿਆਂ ਸੰਗਰੂਰ ਜੇਲ੍ਹ ਦੇ ਅੰਦਰ ਛਾਪੇਮਾਰੀ ਦੌਰਾਨ 12 ਮੋਬਾਈਲ ਫੋਨ, 4 ਸਮਾਰਟਵਾਚ, 50 ਗ੍ਰਾਮ ਅਫੀਮ, 12 ਗ੍ਰਾਮ ਹੈਰੋਇਨ ਅਤੇ ਹੋਰ ਨਸ਼ੀਲੇ ਪਦਾਰਥ ਬਰਾਮਦ ਹੋਏ। ਡੀਜੀਪੀ ਨੇ ਇਸ ਕੇਸ ਵਿੱਚ ਜੇਲ੍ਹ ਕਰਮਚਾਰੀ ਦੀ ਗ੍ਰਿਫ਼ਤਾਰੀ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਮੁੱਢਲੀ ਜਾਂਚ ਵਿੱਚ ਪ੍ਰਸ਼ਾਂਤ ਨਾਮੀ ਦਰਜਾ ਚਾਰ ਕਰਮਚਾਰੀ, ਜਿਸਦੀ ਭੂਮਿਕਾ ਤਸਕਰੀ ਸਬੰਧੀ ਗਤੀਵਿਧੀਆਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਿੱਚ ਸਾਹਮਣੇ ਆਈ ਹੈ, ਦੀ ਸ਼ਮੂਲੀਅਤ ਦਾ ਵੀ ਪਤਾ ਲੱਗਾ ਹੈ। ਉਨ੍ਹਾਂ ਕਿਹਾ ਕਿ ਅਗਲੇ-ਪਿਛਲੇ ਸਬੰਧਾਂ ਦੀ ਜਾਂਚ ਦੌਰਾਨ ਅੰਮ੍ਰਿਤਸਰ ਦੇ ਨਸ਼ਾ ਤਸਕਰ ਮਨਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜੋ ਇਸ ਸਮੇਂ ਸੰਗਰੂਰ ਜੇਲ੍ਹ ਵਿੱਚ ਬੰਦ ਕੈਦੀ ਗੁਰਵਿੰਦਰ ਸਿੰਘ ਦਾ ਸਾਥੀ ਹੈ। ਉਨ੍ਹਾਂ ਅੱਗੇ ਕਿਹਾ ਕਿ ਪੁਲਿਸ ਟੀਮਾਂ ਨੇ ਦੋਸ਼ੀ ਮਨਪ੍ਰੀਤ ਦੇ ਕਬਜ਼ੇ 'ਚੋਂ 4 ਕਿਲੋ ਹੈਰੋਇਨ, 5.5 ਲੱਖ ਰੁਪਏ ਦੀ ਡਰੱਗ ਮਨੀ ਅਤੇ ਦੋ ਜ਼ਿੰਦਾ ਕਾਰਤੂਸ ਸਮੇਤ ਇੱਕ 9 ਐਮਐਮ ਗਲੌਕ ਪਿਸਤੌਲ ਬਰਾਮਦ ਕੀਤਾ ਹੈ। ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਇਸ ਕੇਸ ਵਿੱਚ ਜਾਂਚ ਜਾਰੀ ਹੈ ਅਤੇ ਅੱਗੇ ਹੋਰ ਗ੍ਰਿਫ਼ਤਾਰੀਆਂ ਹੋਣ ਦੀ ਉਮੀਦ ਹੈ। ਉਨ੍ਹਾਂ ਅੱਗੇ ਕਿਹਾ ਕਿ ਇਨ੍ਹਾਂ ਗੈਰ-ਕਾਨੂੰਨੀ ਗਤੀਵਿਧੀਆਂ ਵਿੱਚ ਸ਼ਾਮਲ ਵਿਅਕਤੀ, ਭਾਵੇਂ ਉਹ ਕਿਸੇ ਵੀ

ਰੈਂਕ ਜਾਂ ਅਹੁਦਾ ਦਾ ਹੋਵੇ, ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ। ਹੋਰ ਜਾਣਕਾਰੀ ਦਿੰਦਿਆਂ ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸਐਸਪੀ) ਸੰਗਰੂਰ ਸਰਤਾਜ ਸਿੰਘ ਚਾਹਲ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਡੀਐਸਪੀ ਗੁਰਪ੍ਰੀਤ ਸਿੰਘ ਜੇਲ੍ਹ ਵਿੱਚ ਨਸ਼ਿਆਂ ਅਤੇ ਮੋਬਾਈਲ ਫੋਨਾਂ ਦੀ ਤਸਕਰੀ ਵਿੱਚ ਸਰਗਰਮੀ ਨਾਲ ਸ਼ਾਮਲ ਸੀ। ਉਨ੍ਹਾਂ ਕਿਹਾ ਕਿ ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਮੁਲਜ਼ਮ ਡੀਐਸਪੀ ਨੇ ਜੇਲ੍ਹ ਵਿੱਚ 25 ਗ੍ਰਾਮ ਹੈਰੋਇਨ ਅਤੇ ਦੋ ਮੋਬਾਈਲ ਫੋਨ ਪਹੁੰਚਾਉਣ ਬਦਲੇ ਕੈਦੀ ਗੁਰਚੇਤ ਦੇ ਰਿਸ਼ਤੇਦਾਰ ਤੋਂ 40000 ਰੁਪਏ ਨਕਦ ਅਤੇ ਯੂਪੀਆਈ ਰਾਹੀਂ ਆਪਣੀ ਪਤਨੀ ਦੇ ਖਾਤੇ ਵਿੱਚ 26000 ਰੁਪਏ ਪ੍ਰਾਪਤ ਕੀਤੇ ਸਨ। ਉਨ੍ਹਾਂ ਦੱਸਿਆ ਕਿ ਕੁੱਲ 25 ਗ੍ਰਾਮ ਹੈਰੋਇਨ ਵਿੱਚੋਂ, 12 ਗ੍ਰਾਮ ਹੈਰੋਇਨ ਰਵੀ ਨਾਮ ਦੇ ਇੱਕ ਹੋਰ ਕੈਦੀ ਤੋਂ ਬਰਾਮਦ ਕੀਤੀ ਗਈ ਹੈ, ਜੋ ਗੁਰਚੇਤ ਦੇ ਕਹਿਣ 'ਤੇ ਅੱਗੇ ਹੋਰਨਾਂ ਕੈਦੀਆਂ ਨੂੰ ਨਸ਼ੇ ਵੇਚਦਾ ਸੀ। ਐਸਐਸਪੀ ਨੇ ਕਿਹਾ ਕਿ ਡੀਐਸਪੀ ਗੁਰਪ੍ਰੀਤ ਸਿੰਘ, ਮੁਲਜ਼ਮ ਪ੍ਰਸ਼ਾਂਤ, ਨਸ਼ਾ ਤਸਕਰ ਮਨਪ੍ਰੀਤ ਸਿੰਘ, ਕੈਦੀ ਗੁਰਚੇਤ ਦੀ ਮਾਂ ਬੰਤੋ ਉਰਫ਼ ਬੰਸੋ ਅਤੇ 15 ਕੈਦੀਆਂ ਗੁਰਵਿੰਦਰ ਸਿੰਘ, ਲਵਜੀਤ ਸਿੰਘ, ਸਿਕੰਦਰ ਸਿੰਘ, ਪ੍ਰਗਟ ਸਿੰਘ, ਸੁਲਤਾਨ ਸਿੰਘ, ਅਮਨ ਕੁਮਾਰ, ਅਜੈ, ਹਰਪ੍ਰੀਤ ਸਿੰਘ ਵਾਸੀ ਲੁਧਿਆਣਾ, ਰਿਸ਼ੀਪਾਲ, ਹਰਪ੍ਰੀਤ ਸਿੰਘ ਵਾਸੀ ਧੂਰੀ, ਮੁੰਨਾ, ਗੁਰਰਾਜ ਸਿੰਘ, ਰਘਵੀਰ ਸਿੰਘ, ਗੁਰਚੇਤ ਸਿੰਘ ਅਤੇ ਰਾਜੀਵ ਕੌਸ਼ਲ ਉਰਫ਼ ਗੱਗੂ ਸਮੇਤ ਕੁੱਲ 19 ਮੁਲਜ਼ਮਾਂ ਨੂੰ ਹੁਣ ਤੱਕ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਜਾਰੀ ਹੈ ਤਾਂ ਜੋ ਸਮੁੱਚੇ ਨੈੱਟਵਰਕ ਨੂੰ ਬੇਨਕਾਬ ਕੀਤਾ ਜਾ ਸਕੇ। ਉਨ੍ਹਾਂ ਅੱਗੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਅਤੇ ਬਰਾਮਦਗੀਆਂ ਹੋਣ ਦੀ ਸੰਭਾਵਨਾ ਹੈ। ਇਸ ਸਬੰਧੀ ਐਨਡੀਪੀਐਸ ਐਕਟ ਦੀ ਧਾਰਾ 18, 21, 29 ਅਤੇ 27ਏ, ਜੇਲ੍ਹ ਐਕਟ ਦੀ ਧਾਰਾ 52-ਏ ਅਤੇ ਅਸਲਾ ਐਕਟ ਦੀ ਧਾਰਾ 25 ਤਹਿਤ ਪੁਲਿਸ ਥਾਣਾ ਸਿਟੀ-1 ਸੰਗਰੂਰ ਵਿਖੇ ਐਫਆਈਆਰ ਨੰਬਰ 75 ਮਿਤੀ 27/4/2025 ਅਧੀਨ ਪਹਿਲਾਂ ਹੀ ਕੇਸ ਦਰਜ ਕੀਤਾ ਜਾ ਚੁੱਕਾ ਹੈ, ਜਦੋਂ ਕਿ ਇਸ ਵਿੱਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7 ਬਾਅਦ ਵਿੱਚ ਜੋੜੀ ਗਈ।

Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

ਮਣੀਪੁਰ ਦੇ ਚੰਦੇਲ ਜ਼ਿਲ੍ਹੇ ਵਿੱਚ ਮਾਰੇ ਗਏ 10 ਅਤਿਵਾਦੀ, ਮੁਕਾਬਲਾ ਜਾਰੀ

ਮਣੀਪੁਰ। ਮਨੀਪੁਰ ਦੇ ਚੰਦੇਲ ਜ਼ਿਲ੍ਹੇ ਵਿੱਚ ਅਸਾਮ ਰਾਈਫਲਜ਼ ਨਾਲ ਹੋਏ ਮੁਕਾਬਲੇ ਵਿੱਚ ਘੱਟੋ-ਘੱਟ 10 ਅਤਿਵਾਦੀ ਮਾਰੇ ਗਏ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਮੁਕਾਬਲਾ ਅਜੇ ਵੀ ਜਾਰੀ ਹੈ। ਫ਼ੌਜ ਦੀ ਪੂਰਬੀ ਕਮਾਂਡ ਨੇ ਬੁੱਧਵਾਰ ਨੂੰ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਇੱਕ ਪੋਸਟ ਵਿੱਚ ਕਿਹਾ, "ਭਾਰਤ-ਮਿਆਂਮਾਰ ਸਰਹੱਦ ਦੇ ਨੇੜੇ ਚੰਦੇਲ ਜ਼ਿਲ੍ਹੇ ਦੀ ਖੇਂਗਜੋਏ ਤਹਿਸੀਲ ਦੇ ਨਿਊ ਸਮਤਾਲ ਪਿੰਡ ਦੇ ਨੇੜੇ ਕੁਝ ਹਥਿਆਰਬੰਦ ਵਿਅਕਤੀਆਂ ਦੀ ਗਤੀਵਿਧੀ ਬਾਰੇ ਖੁਫੀਆ ਜਾਣਕਾਰੀ ਦੇ ਆਧਾਰ 'ਤੇ, ਸਪੀਅਰ ਕੋਰ ਦੇ ਅਧੀਨ ਅਸਾਮ ਰਾਈਫਲਜ਼ ਨੇ 14 ਮਈ ਨੂੰ ਇੱਕ ਆਪ੍ਰੇਸ਼ਨ ਸ਼ੁਰੂ ਕੀਤਾ।" ਪੋਸਟ ਵਿੱਚ ਕਿਹਾ ਗਿਆ ਹੈ, "ਆਪ੍ਰੇਸ਼ਨ ਦੌਰਾਨ, ਸ਼ੱਕੀ ਅਤਿਵਾਦੀਆਂ ਨੇ ਫ਼ੌਜਾਂ 'ਤੇ ਗੋਲੀਬਾਰੀ ਕੀਤੀ ਜਿਸ ਤੋਂ ਬਾਅਦ ਫ਼ੌਜਾਂ ਨੇ ਵੀ ਜਵਾਬੀ ਕਾਰਵਾਈ ਕੀਤੀ। ਇਸ ਮੁਕਾਬਲੇ ਦੌਰਾਨ, 10 ਅਤਿਵਾਦੀ ਮਾਰੇ ਗਏ ਅਤੇ ਵੱਡੀ ਮਾਤਰਾ ਵਿੱਚ ਹਥਿਆਰ ਅਤੇ ਗੋਲਾ ਬਾਰੂਦ ਬਰਾਮਦ ਕੀਤਾ ਗਿਆ।" ਕੋਹਿਮਾ ਸਥਿਤ ਰੱਖਿਆ ਲੋਕ ਸੰਪਰਕ ਅਧਿਕਾਰੀ ਨੇ ਦੱਸਿਆ, "ਆਪਰੇਸ਼ਨ ਅਜੇ ਵੀ ਜਾਰੀ ਹੈ... ਅਤੇ ਵਿਸਤ੍ਰਿਤ ਜਾਣਕਾਰੀ ਇਸ ਦੇ ਖ਼ਤਮ ਹੋਣ ਤੋਂ ਬਾਅਦ ਹੀ ਦਿੱਤੀ ਜਾ ਸਕਦੀ ਹੈ।"

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : Devinder Chander
Mob: 07878 456 484
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

ਕਾਨਪੁਰ 'ਚ ਵਾਲਾਂ ਦੇ ਟ੍ਰਾਂਸਪਲਾਂਟ ਤੋਂ ਬਾਅਦ ਇਕ ਹੋਰ ਇੰਜੀਨੀਅਰ ਦੀ ਮੌਤ

ਕਾਨਪੁਰ । ਯੂਪੀ ਦੇ ਕਾਨਪੁਰ ਵਿਚ ਵਾਲਾਂ ਦੇ ਟ੍ਰਾਂਸਪਲਾਂਟ ਤੋਂ ਬਾਅਦ ਇਕ ਹੋਰ ਇੰਜੀਨੀਅਰ ਦੀ ਮੌਤ ਹੋ ਗਈ ਹੈ। ਇਸ ਇੰਜੀਨੀਅਰ ਨੇ ਐਂਪਾਇਰ ਕਲੀਨਿਕ ਦੀ ਡਾ. ਅਨੁਸ਼ਕਾ ਤਿਵਾੜੀ ਤੋਂ ਵਾਲਾਂ ਦਾ ਟ੍ਰਾਂਸਪਲਾਂਟ ਕਰਵਾਇਆ ਸੀ। ਵਾਲਾਂ ਦੇ ਟ੍ਰਾਂਸਪਲਾਂਟ ਤੋਂ ਬਾਅਦ, ਪੂਰਾ ਚਿਹਰਾ ਸੁੱਜ ਗਿਆ। ਜਿਸ ਕਾਰਨ ਉਸ ਨੂੰ ਦਿਖਾਈ ਦੇਣਾ ਬੰਦ ਹੋ ਗਿਆ। ਇਸ ਤੋਂ ਬਾਅਦ ਉਹ ਦਰਦ ਨਾਲ ਤੜਫ-ਤੜਫ ਕੇ ਮਰ ਗਿਆ। ਪੀੜਤ ਪਰਵਾਰ ਨੇ ਛੇ ਮਹੀਨਿਆਂ ਬਾਅਦ 13 ਮਈ ਨੂੰ ਪੁਲਿਸ ਨੂੰ ਸ਼ਿਕਾਇਤ ਕੀਤੀ, ਪਰ ਅਜੇ ਤਕ ਐਫਆਈਆਰ ਦਰਜ ਨਹੀਂ ਕੀਤੀ ਗਈ ਹੈ। ਜਾਣਕਾਰੀ ਅਨੁਸਾਰ ਫਰੂਖਾਬਾਦ ਦੇ ਬਲਦੇਵ ਭਵਨ ਭੋਲੇਪੁਰ ਦੀ ਵਸਨੀਕ ਪ੍ਰਮੋਦੀਨੀ ਕਟਿਆਰ ਨੇ ਦਸਿਆ ਕਿ ਉਸ ਦੇ ਬੇਟੇ ਮਯੰਕ ਕਟਿਆਰ (32) ਨੇ ਕਾਨਪੁਰ ਦੇ ਇਕ ਪ੍ਰਾਈਵੇਟ ਕਲੀਨਿਕਲ ਇੰਜੀਨੀਅਰਿੰਗ ਕਾਲਜ ਤੋਂ ਬੀ.ਟੈਕ. ਕੀਤੀ ਸੀ। ਉਹ ਕਾਨਪੁਰ ਵਿਚ ਹੀ ਅਪਣਾ ਕਾਰੋਬਾਰ ਸਥਾਪਤ ਕਰਨ ਦੀ ਤਿਆਰੀ ਕਰ ਰਿਹਾ ਸੀ। ਪਤੀ ਦੀ ਮੌਤ ਤੋਂ ਬਾਅਦ, ਸਾਰੀ ਜ਼ਿੰਮੇਵਾਰੀ ਵੱਡੇ ਪੁੱਤਰ ਮਯੰਕ ਦੇ ਮੋਢਿਆਂ 'ਤੇ ਆ ਗਈ ਸੀ।

ਪਰਵਾਰਕ ਮੈਂਬਰਾਂ ਦੇ ਅਨੁਸਾਰ, ਮਯੰਕ 18 ਨਵੰਬਰ 2024 ਨੂੰ ਵਾਲਾਂ ਦੇ ਟ੍ਰਾਂਸਪਲਾਂਟ ਲਈ ਸਵੇਰੇ ਕੋਸ਼ਵਪੁਰਮ ਦੇ ਐਂਪਾਇਰ ਕਲੀਨਿਕ ਦੀ ਡਾਕਟਰ ਅਨੁਸ਼ਕਾ ਤਿਵਾੜੀ ਕੋਲ ਗਿਆ ਸੀ। ਵਾਲਾਂ ਦੇ ਟ੍ਰਾਂਸਪਲਾਂਟ ਤੋਂ ਬਾਅਦ, ਸ਼ਾਮ ਪੰਜ ਵਜੇ, ਛੋਟਾ ਪੁੱਤਰ ਕੁਸਾਗਰ ਅਪਣੇ ਭਰਾ ਮਯੰਕ ਨੂੰ ਲੈ ਕੇ ਫਰੂਖਾਬਾਦ ਘਰ ਆਇਆ। ਉਸ ਨੂੰ ਰਾਤ 12 ਵਜੇ ਸਿਰ ਦਰਦ ਹੋਇਆ ਅਤੇ ਉਸ ਨੇ ਡਾਕਟਰ ਨਾਲ ਗੱਲ ਕੀਤੀ। ਉਨ੍ਹਾਂ ਟੀਕਾ ਲਗਵਾਉਣ ਦੀ ਸਲਾਹ ਦਿਤੀ, ਪਰ ਦਰਦ ਤੋਂ ਕੋਈ ਰਾਹਤ ਨਾ ਮਿਲੀ।

ਮਯੰਕ ਸਾਰੀ ਰਾਤ ਦਰਦ ਨਾਲ ਤੜਫਦਾ ਰਿਹਾ। ਉਸ ਦਾ ਚਿਹਰਾ ਸੁੱਜਦਾ ਜਾ ਰਿਹਾ ਸੀ। ਜਿਸ ਕਾਰਨ ਉਸ ਨੂੰ ਦਿਖਾਈ ਦੇਣਾ ਬੰਦ ਹੋ ਗਿਆ। ਜਦੋਂ ਉਨ੍ਹਾਂ ਸਵੇਰੇ ਦੁਬਾਰਾ ਡਾਕਟਰ ਨਾਲ ਗੱਲ ਕੀਤੀ, ਤਾਂ ਉਨ੍ਹਾਂ ਕਿਹਾ ਕਿ ਸੱਭ ਠੀਕ ਹੋ ਜਾਵੇਗਾ। ਜਦੋਂ ਉਸ ਦੇ ਚਿਹਰੇ 'ਤੇ ਸੋਜ ਅਤੇ ਛਾਤੀ ਵਿਚ ਦਰਦ ਹੋਣ ਲੱਗਾ, ਤਾਂ ਉਸ ਨੂੰ ਫਾਰੂਖਾਬਾਦ ਦੇ ਦਿਲ ਦੇ ਡਾਕਟਰ ਕੋਲ ਭੇਜਿਆ ਗਿਆ। ਜਾਂਚ ਤੋਂ ਬਾਅਦ, ਡਾਕਟਰ ਨੇ ਕਿਹਾ ਕਿ ਦਿਲ ਦੀ ਕੋਈ ਸਮੱਸਿਆ ਨਹੀਂ ਹੈ। ਇਸ ਨੂੰ ਉੱਥੇ ਲੈ ਜਾਓ ਜਿੱਥੇ ਤੁਸੀਂ ਵਾਲਾਂ ਦਾ ਟ੍ਰਾਂਸਪਲਾਂਟ ਕਰਵਾਇਆ ਸੀ। ਪਰਵਾਰ ਨੇ ਮਯੰਕ ਨੂੰ ਕਾਨਪੁਰ ਲਿਜਾਣ ਦੀ ਤਿਆਰੀ ਸ਼ੁਰੂ ਕਰ ਦਿਤੀ, ਜਿਸ ਦੌਰਾਨ ਉਸ ਨੇ ਅਪਣੀ ਮਾਂ ਦੇ ਹੱਥਾਂ 'ਚ ਦਮ ਤੋੜ ਦਿਤਾ।ਮਯੰਕ ਦੀ ਮਾਂ ਨੇ ਕਿਹਾ ਕਿ ਉਹ ਪਿਛਲੇ ਛੇ ਮਹੀਨਿਆਂ ਤੋਂ ਭਟਕ ਰਹੀ ਹੈ, ਪਰ ਕੋਈ ਉਸ ਦੀ ਗੱਲ ਨਹੀਂ ਸੁਣ ਰਿਹਾ। ਪੁੱਤਰ ਦਾ ਪੋਸਟਮਾਰਟਮ ਨਹੀਂ ਹੋਇਆ ਸੀ। ਜਿਸ ਕਾਰਨ ਪੁਲਿਸ ਰਿਪੋਰਟ ਦਰਜ ਨਹੀਂ ਕਰ ਰਹੀ ਹੈ। ਮਯੰਕ ਦੇ ਭਰਾ ਕੁਸ਼ਾਗ੍ਰ ਨੇ ਕਿਹਾ ਕਿ ਮੇਰੇ ਕੋਲ ਡਾਕਟਰ ਵਿਰੁਧ ਕਾਫ਼ੀ ਸਬੂਤ ਹਨ। ਜ਼ਿਕਰਯੋਗ ਹੈ ਕਿ ਕਾਨਪੁਰ ਦੇ ਰਾਵਤਪੁਰ ਥਾਣਾ ਖੇਤਰ ਦੇ ਅਫ਼ਸਰ ਕਲੋਨੀ ਦੇ ਰਹਿਣ ਵਾਲੇ ਇੰਜੀਨੀਅਰ ਵਿਨੀਤ ਦੂਬੇ ਦੀ ਮੌਤ ਵੀ ਟ੍ਰਾਂਸਪਲਾਂਟ ਕਾਰਨ ਹੋਣ ਤੋਂ ਬਾਅਦ, ਜਦੋਂ ਉਨ੍ਹਾਂ ਦੀ ਪਤਨੀ ਜਯਾ ਨੇ ਸੀਐਮ ਪੋਰਟਲ ਰਾਹੀਂ ਸ਼ਿਕਾਇਤ ਦਾਇਰ ਕੀਤੀ, ਤਾਂ ਇਨਸਾਫ਼ ਦੀ ਉਮੀਦ ਜਾਗ ਪਈ। ਜੇ ਡਾ. ਅਨੁਸ਼ਕਾ ਤਿਵਾੜੀ ਨੂੰ ਜੇਲ ਨਹੀਂ ਭੇਜਿਆ ਜਾਂਦਾ, ਤਾਂ ਉਹ ਇਸ ਤਰ੍ਹਾਂ ਲੋਕਾਂ ਦੀਆਂ ਜਾਨਾਂ ਲੈਂਦੀ ਰਹੇਗੀ। ਇੰਜੀਨੀਅਰ ਵਿਨੀਤ ਦੂਬੇ ਦੀ ਮੌਤ ਤੋਂ 54 ਦਿਨਾਂ ਬਾਅਦ, ਪੁਲਿਸ ਨੇ ਰਾਵਤਪੁਰ ਪੁਲਿਸ ਸਟੇਸ਼ਨ ਵਿਚ ਐਫਆਈਆਰ ਦਰਜ ਕੀਤੀ। ਜਾਣਕਾਰੀ ਅਨੁਸਾਰ ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿਤੀ ਹੈ। ਡੀਸੀਪੀ ਵੈਸਟ ਦਿਨੇਸ਼ ਤ੍ਰਿਪਾਠੀ ਨੇ ਇਸ ਦੀ ਜਾਂਚ ਇੰਸਪੈਕਟਰ ਪੁਸ਼ਪਰਾਜ ਨੂੰ ਸੌਂਪ ਦਿਤੀ ਹੈ। ਉਨ੍ਹਾਂ ਨੇ ਡਾਕਟਰ ਦੀ ਗ੍ਰਿਫ਼ਤਾਰੀ ਦੇ ਹੁਕਮ ਦੇ ਦਿਤੇ ਹਨ, ਪਰ ਡਾਕਟਰ ਕਲੀਨਿਕ ਨੂੰ ਤਾਲਾ ਲਗਾ ਕੇ ਫ਼ਰਾਰ ਹੋ ਗਏ ਹਨ। ਪੁਲਿਸ ਉਸ ਦੀ ਭਾਲ ਵਿਚ ਜੁੱਟੀ ਹੋਈ ਹੈ।

ਘਰਵਾਲੀ ਨੇ ਆਸ਼ਕ ਨਾਲ ਮਿਲ ਕੇ ਪਤੀ ਦਾ ਕੀਤਾ ਕਤਲ, ਸੁੱਤੇ ਪਏ ਦੇ ਸਿਰ ਵਿੱਚ ਮਾਰੀ ਲੋਹੇ ਦੀ ਰਾਡ

ਖੰਨਾ। ਪੁਲਿਸ ਜਿਲ੍ਹਾ ਖੰਨਾ ਦੇ ਮਲੌਦ ਥਾਣਾ ਖੇਤਰ ਦੇ ਪਿੰਡ ਸੋਹੀਆਂ ਵਿੱਚ ਨਾਜਾਇਜ਼ ਸਬੰਧਾਂ ਨੇ ਇੱਕ ਪਰਿਵਾਰ ਨੂੰ ਬਰਬਾਦ ਕਰ ਦਿੱਤਾ। ਇੱਥੇ 40 ਸਾਲਾ ਬਹਾਦਰ ਸਿੰਘ ਭੋਲਾ ਦਾ ਉਸਦੀ ਪਤਨੀ ਜਸਵੀਰ ਕੌਰ ਨੇ ਆਪਣੇ ਪ੍ਰੇਮੀ ਸੁਖਪ੍ਰੀਤ ਸਿੰਘ ਨਾਲ ਮਿਲ ਕੇ ਲੋਹੇ ਦੀ ਰਾਡ ਨਾਲ ਸਿਰ 'ਤੇ ਵਾਰ ਕਰਕੇ ਨਿਰਦਈ ਤਰੀਕੇ ਨਾਲ ਕਤਲ ਦਿੱਤਾ। ਘਟਨਾ ਤੋਂ ਬਾਅਦ ਦੋਵੇਂ ਦੋਸ਼ੀ ਮੌਕੇ ਤੋਂ ਫਰਾਰ ਹੋ ਗਏ। ਭੋਲਾ ਦੇ ਕੋਲ ਕੰਮ ਕਰਨ ਵਾਲੇ ਇੰਦਰਜੀਤ ਸਿੰਘ ਨੇ ਪੁਲਿਸ ਨੂੰ ਦੱਸਿਆ ਕਿ ਬੁੱਧਵਾਰ ਰਾਤ ਉਹ ਘਰ ਦੀ ਲਾਬੀ ਵਿੱਚ ਸੌ ਰਿਹਾ ਸੀ ਜਦੋਂ ਉਸਨੇ ਅਚਾਨਕ ਚੀਕਾਂ ਸੁਣੀਆਂ। ਉਸਨੇ ਦੇਖਿਆ ਕਿ ਸੁਖਪ੍ਰੀਤ ਨੇ ਮੰਜੇ 'ਤੇ ਸੌਂਦੇ ਭੋਲਾ ਦੇ ਸਿਰ 'ਤੇ ਲੋਹੇ ਦੀ ਰਾਡ ਨਾਲ ਵਾਰ ਕੀਤਾ। ਇੰਦਰਜੀਤ ਨੇ ਕੰਧ ਟੱਪ ਕੇ ਗੁਆਂਢੀਆਂ ਨੂੰ ਸੂਚਿਤ ਕੀਤਾ ਅਤੇ ਭੋਲਾ ਨੂੰ ਹਸਪਤਾਲ ਪਹੁੰਚਾਇਆ ਗਿਆ, ਪਰ ਜ਼ਖ਼ਮਾਂ ਦੇ ਕਾਰਨ ਲੁਧਿਆਣਾ ਲਿਜਾਂਦੇ ਹੋਏ ਉਸਦੀ ਮੌਤ ਹੋ ਗਈ। ਡੀਐਸਪੀ ਹੇਮੰਤ ਮਲਹੋਤਰਾ ਨੇ ਦੱਸਿਆ ਕਿ ਭੋਲਾ ਮਿੱਟੀ ਭਰਤ ਦਾ ਕੰਮ ਕਰਦਾ ਸੀ ਅਤੇ ਸੁਖਪ੍ਰੀਤ ਸਿੰਘ ਵੀ ਪਹਿਲਾਂ ਉਸਦੇ ਨਾਲ ਕੰਮ ਕਰਦਾ ਰਿਹਾ ਸੀ। ਕੰਮ ਦੌਰਾਨ ਸੁਖਪ੍ਰੀਤ ਦਾ ਘਰ ਆਉਣਾ-ਜਾਣਾ ਹੋਇਆ ਜਿਸ ਦੌਰਾਨ ਉਸਦੇ ਜਸਵੀਰ ਕੌਰ ਨਾਲ ਨਾਜਾਇਜ਼ ਸਬੰਧ ਬਣ ਗਏ। ਇਹ ਸਬੰਧ ਘਰੇਲੂ ਤਣਾਅ ਦਾ ਕਾਰਨ ਬਣਦੇ ਰਹੇ ਅਤੇ ਅੰਤ ਵਿੱਚ ਕਤਲ ਤੱਕ ਪਹੁੰਚ ਗਏ।ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਲਾਸ਼ ਕਬਜ਼ੇ ਵਿੱਚ ਲੈ ਲਈ ਅਤੇ ਪੋਸਟਮਾਰਟਮ ਲਈ ਭੇਜ ਦਿੱਤੀ। ਦੋਸ਼ੀਆਂ ਦੀ ਭਾਲ ਲਈ ਛਾਪੇਮਾਰੀ ਜਾਰੀ ਹੈ। ਡੀਐਸਪੀ ਮੁਤਾਬਕ ਦੋਵੇਂ ਨੂੰ ਜਲਦ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

ਪੰਜਾਬ ਵਿਚ ਗਰਮੀ ਨੇ ਲੋਕਾਂ ਦਾ ਕੀਤਾ ਬੁਰਾ ਹਾਲ, ਬਠਿੰਡਾ 43.6 ਡਿਗਰੀ ਤਾਪਮਾਨ ਨਾਲ ਰਿਹਾ ਸਭ ਤੋਂ ਗਰਮ ਸ਼ਹਿਰ

ਪੰਜਾਬ ਵਿੱਚ ਗਰਮੀ ਦਾ ਕਹਿਰ ਲਗਾਤਾਰ ਵਧਦਾ ਜਾ ਰਿਹਾ ਹੈ। ਸੂਬੇ ਵਿੱਚ ਔਸਤ ਵੱਧ ਤੋਂ ਵੱਧ ਤਾਪਮਾਨ 1.6 ਡਿਗਰੀ ਸੈਲਸੀਅਸ ਵਧਿਆ ਹੈ। ਇਹ ਆਮ ਦੇ ਨੇੜੇ ਹੈ, ਪਰ ਕਈ ਜ਼ਿਲ੍ਹਿਆਂ ਵਿੱਚ ਤਾਪਮਾਨ ਆਮ ਨਾਲੋਂ 2 ਤੋਂ 4 ਡਿਗਰੀ ਵੱਧ ਦਰਜ ਕੀਤਾ ਜਾ ਰਿਹਾ ਹੈ। ਸਭ ਤੋਂ ਵੱਧ ਤਾਪਮਾਨ ਬਠਿੰਡਾ ਵਿੱਚ ਦਰਜ ਕੀਤਾ ਗਿਆ ਜਿੱਥੇ ਪਾਰਾ 43.6 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ। ਪਰ, ਕੱਲ੍ਹ ਤੋਂ ਰਾਹਤ ਦੀ ਉਮੀਦ ਹੈ।

SHAM LAL CHANDER ID no. 921760
BUILDING MAINTENANCE HANDYMAN
(CHECKATRADE)

Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

ਬੀਕੇਯੂ ਪੰਜਾਬ ਇਕਾਈ ਜਲੰਧਰ ਵੱਲੋਂ ਨਜਾਇਜ਼ ਮਾਈਨਿੰਗ ਸਬੰਧੀ ਐਸ ਡੀ ਐਮ ਨੂੰ ਮੰਗ ਪੱਤਰ ਸੌਂਪਿਆ

ਸੜਕਾਂ ਦੀ ਖ਼ਸਤਾ ਹਾਲਤ ਵੱਲ ਤੁਰੰਤ ਧਿਆਨ ਦੇਣ ਦੀ ਲੋੜ- ਬੀਕੇਯੂ ਪੰਜਾਬ

ਮਹਿਤਪੁਰ (ਹਰਜਿੰਦਰ ਸਿੰਘ ਚੰਦੀ) ਬਲਾਕ ਮਹਿਤਪੁਰ ਦੇ ਬੇਟ ਏਰੀਆ ਵਿਚ ਲਗਾਤਾਰ ਨਜਾਇਜ਼ ਮਾਈਨਿੰਗ ਕਾਰਨ ਸੜਕਾਂ ਦੀ ਹੋ ਰਹੀ ਖ਼ਸਤਾ ਹਾਲਤ ਸਬੰਧੀ ਬੀਕੇਯੂ ਪੰਜਾਬ ਜ਼ਿਲ੍ਹਾ ਜਲੰਧਰ ਇਕਾਈ ਵੱਲੋਂ ਪ੍ਰਧਾਨ ਲਖਵੀਰ ਸਿੰਘ ਗੋਬਿੰਦਪੁਰ, ਕੋਰ ਕਮੇਟੀ ਮੈਂਬਰ ਨਰਿੰਦਰ ਸਿੰਘ ਬਾਜਵਾ ਦੀ ਅਗਵਾਈ ਹੇਠ ਮਾਣਯੋਗ ਐਸ ਡੀ ਐਮ ਨਕੋਦਰ ਨੂੰ ਇਕ ਮੰਗ ਪੱਤਰ ਸੌਂਪਿਆ। ਇਸ ਮੌਕੇ ਗੱਲਬਾਤ ਕਰਦਿਆਂ ਯੂਨੀਅਨ ਆਗੂਆਂ ਨੇ ਦੱਸਿਆ ਕਿ ਬਲਾਕ ਮਹਿਤਪੁਰ ਦੇ ਬੇਟ ਏਰੀਆ ਵਿਚ ਲਗਾਤਾਰ ਨਜਾਇਜ਼ ਮਾਈਨਿੰਗ ਹੋ ਰਹੀ ਹੈ । ਓਵਰਲੋਡ ਟਰੱਕ, ਟਰਾਲੀਆਂ ਅਤੇ ਟਿੱਪਰ ਲੰਘਣ ਨਾਲ ਲਿੰਕ ਸੜਕਾਂ ਦੀ ਹਾਲਤ ਖ਼ਸਤਾ ਹੋ ਗਈ ਹੈ। ਯੂਨੀਅਨ ਆਗੂਆਂ ਨੇ ਦੱਸਿਆ ਕਿ ਬਲਾਕ ਮਹਿਤਪੁਰ ਦੇ ਪਿੰਡਾਂ ਦੀਆਂ ਲਿੰਕ ਸੜਕਾਂ ਦੇ ਕਿਨਾਰੇ ਜੇ ਸੀ ਬੀ ਮਸ਼ੀਨ ਭੇਜ ਕੇ ਮਿੱਟੀ ਪੁਆਈ ਜਾਵੇ। ਉਨ੍ਹਾਂ ਕਿਹਾ ਕਿ ਆਦਰਮਾਨ, ਲੋਹਗੜ੍ਹ, ਗੋਬਿੰਦਪੁਰ, ਬਾਗੀ ਵਾਲ, ਅਤੇ ਨਜ਼ਦੀਕ ਦੇ ਪਿੰਡਾਂ ਦੀਆਂ ਲਿੰਕ ਸੜਕਾਂ ਦੀ ਮੁਰੰਮਤ ਕੀਤੀ ਜਾਵੇ ਅਤੇ ਸੜਕਾਂ ਦੇ ਬਰਨ ਭਰੇ ਜਾਣ । ਆਗੂਆਂ ਨੇ ਕਿਹਾ ਕਿ ਨਜਾਇਜ਼ ਮਾਈਨਿੰਗ ਵਿਚ ਵਰਤੇ ਜਾਂਦੇ ਟਰੈਕਟਰ ਟਰਾਲੀਆਂ, ਟਿੱਪਰਾਂ ਓਵਰਲੋਡ ਹੋਣ ਕਰਕੇ ਹਮੇਸ਼ਾ ਹਾਦਸੇ ਦਾ ਖ਼ਤਰਾ ਬਣਿਆ ਰਹਿੰਦਾ ਹੈ ਅਤੇ ਕਈ ਵਾਰ ਹਾਦਸੇ ਵਾਪਰ ਵੀ ਚੁਕੇ ਹਨ। ਉਨ੍ਹਾਂ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਇਸ ਪਾਸੇ ਪਹਿਲ ਦੇ ਆਧਾਰ ਤੇ ਧਿਆਨ ਦਿੱਤਾ ਜਾਵੇ ਤਾਂ ਜੋਂ ਰਾਹਗੀਰਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਨਾ ਆਵੇ। ਇਸ ਮੌਕੇ ਯੂਨੀਅਨ ਬੀਕੇਯੂ ਪੰਜਾਬ ਦੇ ਤਹਿਸੀਲ ਨਕੋਦਰ ਪ੍ਰਧਾਨ ਗੁਰਦੀਪ ਸਿੰਘ ਅਤੇ ਯੂਥ ਪ੍ਰਧਾਨ ਰਮਨਜੀਤ ਸਿੰਘ ਸਮਰਾ ਵੀ ਹਾਜਰ ਸਨ।

ਹੁਨਰ ਦੀ ਉਦਾਹਰਣ ਬਣਿਆ ਸ਼ਾਨਦਾਰ ਸਵਾਗਤੀ ਗੇਟ

ਡੁਬਈ ਤੋਂ ਪਰਤੇ ਗੁਰਮੀਤ ਸਿੰਘ ਨੇ ਆਪਣੇ ਮਾਤਾ ਪਿਤਾ ਦੀ ਯਾਦ ਵਿੱਚ ਬਣਾਇਆ ਸਵਾਗਤੀ ਗੇਟ

ਕਪੂਰਥਲਾ (ਕੌੜਾ)- ਰਚਨਾਤਮਕਤਾ ਸਿਰਫ਼ ਇੱਕ ਕੁਦਰਤੀ ਪ੍ਰਤਿਭਾ ਨਹੀਂ ਹੈ, ਸਗੋਂ ਇੱਕ ਹੁਨਰ ਹੈ ਜਿਸਨੂੰ ਵੱਖ-ਵੱਖ ਤਰੀਕਿਆਂ ਦੁਆਰਾ ਵਿਕਸਤ ਕੀਤਾ ਜਾ ਸਕਦਾ ਹੈ।ਜਿਸ ਵਿੱਚ ਉਤਸੁਕਤਾ ਨੂੰ ਵਧਾਉਣਾ ,ਕਿਸੇ ਖੇਤਰ ਵਿੱਚ ਮਾਹਰ ਬਣਨਾ ਅਤੇ ਜੋਖਮ ਲੈਣਾ ਸ਼ਾਮਿਲ ਹੁੰਦਾ ਹੈ । ਇਸ ਵਾਸਤੇ ਮਜ਼ਬੂਤ ਪ੍ਰੇਰਣਾ, ਦ੍ਰਿੜਤਾ ਅਤੇ ਉਤਸੁਕਤਾ ਦੀ ਭਾਵਨਾ ਦੀ ਵੀ ਲੋੜ ਹੁੰਦੀ ਹੈ। ਅਜਿਹੀ ਹੀ ਇੱਕ ਹੁਨਰ ਦੀ ਉਦਾਹਰਣ ਬਣਿਆ ਸਵਾਗਤੀ ਗੇਟ। ਡਡਵਿੰਡੀ-ਮੋਠਾਂਵਾਲ ਫਾਟਕ ਦੇ ਨੇੜੇ ਪਿੰਡ ਭੌਰ ਨੂੰ ਮੁੜਦਿਆਂ ਹੀ ਇੱਕ ਸ਼ਾਨਦਾਰ ਸਵਾਗਤੀ ਗੇਟ ਬਣਾਇਆ ਗਿਆ ਹੈ । ਜੋ ਕਿ ਆਪਣੇ-ਆਪ ਵਿੱਚ ਕਿਸੇ ਮਹਾਨ ਕਲਾ ਤੋਂ ਘੱਟ ਨਹੀਂ ਹੈ। ਡੁਬਈ ਵਿੱਚ ਲੰਬਾ ਸਮਾਂ ਗੁਜਾਰ ਕੇ ਵਾਪਸ ਪਰਤੇ ਪਿੰਡ ਭੌਰ ਦੇ ਰਾਮਗੜ੍ਹੀਆ ਪਰਿਵਾਰ ਦੇ ਮੁਖੀ ਸ੍ਰੀ ਗੁਰਮੀਤ ਸਿੰਘ ਨੂੰ ਆਪਣੇ ਮਾਤਾ-ਪਿਤਾ ਦੀ ਯਾਦ ਨੂੰ ਸਮਰਪਿਤ ਆਪਣੇ ਪਿੰਡ ਨੂੰ ਜਾਂਦੇ ਰਸਤੇ ਤੇ ਇੱਕ ਅਜਿਹੇ ਗੇਟ ਦੀ ਉਸਾਰੀ ਕਰਨ ਦੀ ਉਤਸੁਕਤਾ ਸੀ ਜੋ ਕਿ ਵਿਲੱਖਣ ਹੋਵੇ। ਨੇੜਲੇ ਪਿੰਡ ਨਸੀਰੇਵਾਲ ਦੇ ਕਲਸੀ ਕੰਸਟ੍ਰਕਸ਼ਨ ਕੰਪਨੀ ਦੇ ਮਾਲਕ ਸ੍ਰੀ ਹਰਜਿੰਦਰਪਾਲ ਸਿੰਘ ਕਲਸੀ (98153-14351) ਨਾਲ ਸੰਪਰਕ ਕਰਕੇ ਆਪਣੇ ਦਿਲ ਵਿੱਚ ਪਲ ਰਹੇ ਸੁਪਨੇ ਨੂੰ ਸਾਕਾਰ ਕਰਨ ਲਈ ਸਹਿਮਤੀ ਲਈ। ਲੱਗਭਗ ਪੰਜ ਮਹੀਨੇ ਦਾ ਸਮਾਂ ਲਗਾ ਕੇ ਸਵਰਗੀ ਪਿਤਾ ਸ੍ਰੀ ਬਾਵਾ ਸਿੰਘ ਝੀਤਾ ਅਤੇ ਮਾਤਾ ਧੰਨ ਕੌਰ ਝੀਤਾ ਦੀ ਯਾਦ ਨੂੰ ਸਮਰਪਿਤ ਇਹ ਸਵਾਗਤੀ ਗੇਟ ਪੂਰੀ ਤਰ੍ਹਾਂ ਕੰਕਰੀਟ ਦਾ ਬਣਾਇਆ ਗਿਆ ਹੈ। ਦੋਨੋ ਪਾਸਿਆਂ ਤੋਂ ਇੱਕੋ ਜਿਹੇ ਬਣੇ ਇਸ ਗੇਟ ਵਿੱਚ ਆਰੀ , ਹਥੌੜਾ ਅਤੇ ਗੁਣੀਆਂ ਦੇ ਡਿਜ਼ਾਈਨ ਉਕਰੇ ਹੋਏ ਹਨ। ਸ਼ੋਸ਼ਲ ਮੀਡੀਆ ਤੇ ਵੀ ਇਸ ਸਵਾਗਤੀ ਗੇਟ ਦੀ ਬਹੁਤ ਤਾਰੀਫ ਕੀਤੀ ਜਾ ਰਹੀ ਹੈ। ਕਲਸੀ ਕੰਸਟ੍ਰਕਸ਼ਨ ਕੰਪਨੀ ਦੇ ਮਾਲਕ ਨਾਲ ਸੰਪਰਕ ਕਰਨ ਤੇ ਉਹਨਾਂ ਦੱਸਿਆ ਕਿ ਉਹਨਾਂ ਨੂੰ ਇਸ ਤਰ੍ਹਾਂ ਦੇ ਹੋਰ ਗੇਟ ਬਣਾਉਣ ਲਈ ਬਹੁਤ ਆਰਡਰ ਆ ਰਹੇ ਹਨ।

67 ਲੱਖ ਰੁਪੈ ਦੀ ਲਾਗਤ ਨਾਲ 6 ਸਕੂਲਾਂ ਅੰਦਰ ਵਿਕਾਸ ਕੰਮਾਂ ਦੇ ਉਦਘਾਟਨ

ਕਪੂਰਥਲਾ (ਵਿਸ਼ੇਸ਼ ਪ੍ਰਤੀਨਿਧ)- ਪੰਜਾਬ ਸਰਕਾਰ ਵਲੋਂ ਸਰਕਾਰੀ ਸਕੂਲਾਂ ਅੰਦਰ ਬਿਹਤਰੀਨ ਬੁਨਿਆਦੀ ਢਾਂਚਾ ਵਿਕਸਤ ਕਰਨ ਦੇ ਮਕਸਦ ਨਾਲ ਸਿੱਖਿਆ ਕ੍ਰਾਂਤੀ ਤਹਿਤ ਅੱਜ ਜਿਲ੍ਹੇ ਦੇ 6 ਹੋਰ ਸਕੂਲਾਂ ਵਿਚ 67 ਲੱਖ ਰੁਪੈ ਦੀ ਲਾਗਤ ਨਾਲ ਵਿਕਾਸ ਕੰਮਾਂ ਦੇ ਉਦਘਾਟਨ ਕੀਤੇ ਗਏ। ਸੰਸਦ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਵਲੋਂ ਸਰਕਾਰੀ ਮਿਡਲ ਤੇ ਪ੍ਰਾਇਮਰੀ ਸਕੂਲ ਮੁਰਾਰ ਵਿਖੇ 30 ਲੱਖ ਰੁਪੈ ਦੀ ਲਾਗਤ ਨਾਲ ਵਿਕਾਸ ਕੰਮਾਂ ਦੇ ਉਦਘਾਟਨ ਕੀਤੇ ਗਏ। ਇਨ੍ਹਾਂ ਵਿਕਾਸ ਕੰਮਾਂ ਵਿਚ ਮੁੱਖ ਤੌਰ 'ਤੇ ਐਡੀਸ਼ਨਲ ਕਲਾਸ ਰੂਮਾਂ ਦੀ ਉਸਾਰੀ ਤੇ ਚਾਰਦੀਵਾਰੀ ਦੀ ਉਸਾਰੀ ਸ਼ਾਮਿਲ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਡਾਇਰੈਕਟਰ ਜਲ ਸਰੋਤ ਵਿਭਾਗ ਤੇ ਮੈਂਬਰ ਪੰਜਾਬ ਕ੍ਰਿਕਟ ਐਸੋਸੀਏਸ਼ਨ ਹਰਸਿਮਰਨ ਸਿੰਘ ਘੁੰਮਣ ਵੀ ਹਾਜ਼ਰ ਸਨ। ਇਸ ਤੋਂ ਇਲ-ਾਵਾ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਸੱਜਣ ਸਿੰਘ ਚੀਮਾ ਵਲੋਂ 37 ਲੱਖ ਰੁਪੈ ਦੀ ਲਾਗਤ ਨਾਲ ਸਰਕਾਰੀ ਸਕੂਲ ਸਰਾਏ ਜੱਟਾਂ , ਪੱਮਣ, ਸ਼ਾਲਾਪੁਰ ਬੇਟ ਤੇ ਤਲਵੰਡੀ ਚੌਧਰੀਆਂ ਵਿਖੇ ਵਿਕਾਸ ਕੰਮਾਂ ਦੇ ਉਦਘਾਟਨ ਕੀਤੇ ਗਏ। ਇਨ੍ਹਾਂ ਵਿਚ ਮੁੱਖ ਤੌਰ 'ਤੇ ਐਡੀਸ਼ਨਲ ਕਲਾਸ ਰੂਮਾਂ ਦੀ ਉਸਾਰੀ, ਸਾਇੰਸ ਲੈਬ ਤੇ ਚਾਰਦੀਵਾਰੀ ਸ਼ਾਮਿਲ ਹੈ। ਸਰਕਾਰੀ ਐਲੀਮੈਂਟਰੀ ਸਕੂਲ ਪੱਮਣ ਵਿਚ ਸਮਾਗਮ ਦੌਰਾਨ ਸੱਜਣ ਸਿੰਘ ਚੀਮਾ ਦੁਆਰਾ ਸਕੂਲ ਦਾ ਸਲਾਨਾ ਮੈਗਜ਼ੀਨ ਵੀ ਰਿਲੀਜ਼ ਕੀਤਾ ਗਿਆ। ਇਸ ਮੌਕੇ ਤੇ ਪ੍ਰਦੀਪ ਥਿੰਦ ਚੇਅਰਮੈਨ ਨਗਰ ਸੁਧਾਰ ਟਰੱਸਟ ਸੁਲਤਾਨਪੁਰ ਲੋਧੀ,ਸੈਂਟਰ ਹੈੱਡ ਟੀਚਰ ਵੀਨੂੰ ਸੇਖੜੀ,ਹੈੱਡ ਟੀਚਰ ਕੁਲਦੀਪ ਠਾਕੁਰ,ਹੈੱਡ ਟੀਚਰ ਸੁਰਜੀਤ ਕੌਰ, ਸਿੰਘ,ਜਸਵਿੰਦਰ ਬਿਧੀਪੁਰ,ਸ਼ਮੀਮ ਸਰਬਜੀਤ ਸਿੰਘ ਭੱਟੀ, ਕੁਲਵੰਤ ਕੌਰ, ਦਲਜੀਤ ਕੌਰ, ਲਖਵਿੰਦਰ ਸਿੰਘ ਟਿੱਬਾ ਆਦਿ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

ਸਿੱਖਿਆ ਬਲਾਕ ਮਸੀਤਾਂ ਦੇ ਸਰਕਾਰੀ ਐਲੀਮੈਂਟਰੀ ਸਕੂਲ ਪੱਮਣ ਸਕੂਲ ਵਿਚ ਵਿਕਾਸ ਕੰਮਾਂ ਦੇ ਉਦਘਾਟਨ ਕਰਦੇ ਹੋਏ ਚੇਅਰਮੈਨ ਸੱਜਣ ਸਿੰਘ ਚੀਮਾ, ਪ੍ਰਦੀਪ ਥਿੰਦ ਚੇਅਰਮੈਨ ਨਗਰ ਸੁਧਾਰ ਟਰੱਸਟ ਸੁਲਤਾਨਪੁਰ ਲੋਧੀ ,ਹੈੱਡ ਟੀਚਰ ਕੁਲਦੀਪ ਠਾਕੁਰ, ਸਰਬਜੀਤ ਸਿੰਘ ਤੇ ਹੋਰ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

ਵਿਦੇਸ਼ ਵਿੱਚ ਰਹਿੰਦੇ ਕਾਰੋਬਾਰੀ ਨੇ ਬਿਨਾਂ ਮਾਂ ਬਾਪ ਦੀ ਬੱਚੀ ਦੇ ਕਿਡਨੀਆਂ ਦੇ ਇਲਾਜ ਲਈ ਭੇਜੇ 1 ਲੱਖ ਰੁਪਏ

ਇਲਾਜ ਦੋਰਾਨ ਦਵਾਈਆਂ ਦਾ ਖਰਚਾ ਕਰੇਗਾ ਰੋਟਰੀ ਕਲੱਬ : ਭੁਪਿੰਦਰ ਸੈਣੀ

ਡੇਰਾਬੱਸੀ, (ਸੰਜੀਵ ਸਿੰਘ ਸੈਣੀ) ਰੋਟਰੀ ਕਲੱਬ ਡੇਰਾਬੱਸੀ ਟਊਨ ਦੇ ਸਹਿਯੋਗ ਨਾਲ ਵਿਦੇਸ਼ ਵਿੱਚ ਰਹਿੰਦੇ ਕਾਰੋਬਾਰੀ ਨੇ ਬਿਨਾਂ ਮਾਂ ਬਾਪ ਦੀ ਬੱਚੀ ਦੇ ਕਿਡਨੀਆਂ ਦੇ ਇਲਾਜ ਲਈ ਮਾਲੀ ਮਦਦ ਭੇਜੀ ਗਈ ਲ ਰੋਟਰੀ ਕਲੱਬ ਟਊਨ ਡੇਰਾਬੱਸੀ ਦੇ ਪ੍ਰੈਸ ਸਕੱਤਰ ਸਮਾਜ ਸੇਵੀ ਪਰਮਜੀਤ ਰੰਮੀ ਸੈਣੀ ਨੇ ਦੱਸਿਆ ਨੇ ਦੱਸਿਆ ਕਿ ਡੇਰਾਬੱਸੀ ਦੀ 21 ਸਾਲਾ ਬੱਚੀ ਮਿਸ ਰੀਤੂ, ਜਿਸ ਦੇ 2 ਸਾਲ ਦੀ ਉਮਰ ਵਿੱਚ ਮਾਤਾ ਪਿਤਾ ਇੱਕ ਐਕਸੀਡੈਂਟ ਵਿੱਚ ਪਰਮਾਤਮਾ ਨੂੰ ਪਿਆਰੇ ਹੋ ਗਏ ਸਨ। ਇਸ ਬੱਚੀ ਨੂੰ ਇੱਕ ਦਿਹਾੜੀਦਾਰ ਔਰਤ ਸ਼੍ਰੀਮਤੀ ਸੁਨੀਤਾ ਵੱਲੋਂ ਅਡੋਪਟ ਕਰ ਲਿਆ ਗਿਆ ਸੀ ਲ ਇਸ ਬੱਚੀ ਦੀਆਂ ਕਿਡਨੀਆਂ ਦਾ ਇਲਾਜ ਇੰਡਸ ਹਸਪਤਾਲ ਡੇਰਾਬੱਸੀ ਅਤੇ ਪੀਜੀਆਈ ਵਿਖੇ ਚੱਲ ਰਿਹਾ ਹੈ । ਜਿਸਦਾ ਹਫਤੇ ਵਿੱਚ ਦੋ ਜਾਂ ਤਿੰਨ ਵਾਰ ਡਾਇਲਸਿਸ ਕਰਵਾਉਣਾ ਪੈਂਦਾ ਹੈ ਲ ਗਰੀਬ ਪਰਿਵਾਰ ਲਈ ਇਹ ਬਹੁਤ ਮੁਸ਼ਕਿਲ ਹੈ । ਰੋਟਰੀ ਕਲੱਬ ਡੇਰਾਬੱਸੀ ਨੇ ਇਸ ਗਰੀਬ ਬਿਨਾਂ ਮਾਂ ਬਾਪ ਤੋਂ ਬੱਚੀ ਦੇ ਇਲਾਜ ਦਾ ਬੀੜਾ ਚੁੱਕਦਿਆਂ ਵਿਦੇਸ਼ ਵਿੱਚ ਰਹਿੰਦੇ ਡੇਰਾਬੱਸੀ ਦੇ ਇੱਕ ਕਾਰੋਬਾਰੀ ਰੋਟੇਰੀਅਨ ਸਰਦਾਰ ਗਿਆਨ ਸਿੰਘ ਅਤੇ ਉਨਾਂ ਦੇ ਪੁੱਤਰ ਹਰਪ੍ਰੀਤ ਸਿੰਘ ਹੈਪੀ ਨਾਲ ਸੰਪਰਕ ਕਰਕੇ ਇਸ ਬੱਚੀ ਦੇ ਲਈ ਇਕ ਲੱਖ ਰੁਪਏ ਦੀ ਮਾਲੀ ਮਦਦ ਦਾ ਪ੍ਰਬੰਧ ਕਰਵਾਇਆ । ਰੋਟੇਰੀਅਨ ਗਿਆਨ ਸਿੰਘ ਡੇਰਾਬੱਸੀ ਦੇ ਹੀ ਰਹਿਣ ਵਾਲੇ ਹਨ , ਪਰ ਪਿਛਲੇ ਲੰਬੇ ਸਮੇਂ ਤੋਂ ਆਪਣੇ ਪਰਿਵਾਰ ਨਾਲ ਅਮਰੀਕਾ ਦੇ ਸ਼ਹਿਰ ਸੈਨ ਡਿਆਗੋ ਵਿੱਚ ਕਾਰੋਬਾਰ ਕਰ ਰਹੇ ਹਨ। ਰੋਟਰੀ ਕਲੱਬ ਦੇ ਪ੍ਰਧਾਨ ਭੁਪਿੰਦਰ ਸੈਣੀ ਦੇ ਕਹਿਣ ਤੇ ਉਹਨਾਂ ਇਹ ਮਾਲੀ ਮਦਦ ਸੱਤ ਸਮੁੰਦਰੋਂ ਪਾਰ ਆਪਣੇ ਕੁੜਮ ਸਤਵਿੰਦਰ ਸਿੰਘ ਰਿਟਾਇਰਡ ਲੈਕਚਰਾਰ ਦੁਬਾਰਾ ਭੇਜੀ ਗਈ ਲ ਇਸ ਮਾਲੀ ਮਦਦ ਨਾਲ ਬੱਚੀ ਦੇ ਕਿਡਨੀ ਟਰਾਂਸਪਲਾਂਟ ਵਿੱਚ ਕਾਫੀ ਹੱਦ ਤੱਕ ਮਦਦ ਮਿਲੇਗੀ। ਇਸ ਤੋਂ ਇਲਾਵਾ ਰੋਟਰੀ ਕਲੱਬ ਦੇ ਪ੍ਰਧਾਨ ਸਟੇਟ ਅਵਾਰਡੀ ਸਮਾਜ ਸੇਵੀ ਭੁਪਿੰਦਰ ਸਿੰਘ ਸੈਣੀ ਨੇ ਦੱਸਿਆ ਕਿ ਬੱਚੀ ਦੇ ਇਲਾਜ ਲਈ ਦਵਾਈਆਂ ਦਾ ਖਰਚਾ ਕਲੱਬ ਵੱਲੋਂ ਕੀਤਾ ਜਾਵੇਗਾ। ਇਸ ਤੋਂ ਵੀ ਸੰਭਵ ਮਦਦ ਕੀਤੀ ਜਾਵੇਗੀ। ਇਸ ਮੌਕੇ ਕਲੱਬ ਦੇ ਪ੍ਰਧਾਨ ਭੁਪਿੰਦਰ ਸੈਣੀ, ਸਕੱਤਰ ਹਰਿੰਦਰ ਸੈਣੀ , ਸਮਾਜ ਸੇਵੀ ਸੋਨੂ ਸੇਠੀ, ਅਮਿਤ ਬਿੰਦਲ, ਸਾਬਕਾ ਸਰਪੰਚ ਹਰਚਰਨ ਸਿੰਘ, ਜਤਿੰਦਰ ਪਨੇਸਰ, ਪ੍ਰਿਤਪਾਲ ਸਿੰਘ ਵਿੱਕੀ, ਸਤਵਿੰਦਰ ਸਿੰਘ ਤੋਂ ਇਲਾਵਾ ਕਲੱਬ ਮੈਂਬਰ ਹਾਜ਼ਰ ਸਨ ।

ਸੰਯੁਕਤ ਕਿਸਾਨ ਮੋਰਚਾ ਰੂਪਨਗਰ ਵੱਲੋਂ ਜੰਗ ਦੇ ਖਿਲਾਫ ਅਮਨ ਮਾਰਚ

ਰੋਪੜ (ਗੁਰਬਿੰਦਰ ਸਿੰਘ ਰੋਮੀ): ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਕਿਸਾਨ ਜਥੇਬੰਦੀਆਂ ਵੱਲੋਂ ਮਹਾਰਾਜਾ ਰਣਜੀਤ ਸਿੰਘ ਬਾਗ ਵਿੱਚ ਇਕੱਠ ਕਰਨ ਉਪਰੰਤ ਬੇਲਾ ਚੌਂਕ ਵਿਖੇ ਸ਼ਹੀਦ ਭਗਤ ਜੀ ਦੇ ਬੁੱਤ ਤੱਕ ਜੰਗ ਦੇ ਖਿਲਾਫ ਅਮਨ ਮਾਰਚ ਕੀਤਾ ਗਿਆ। ਜਿੱਥੇ ਬੁਲਾਰਿਆਂ ਨੇ ਕਿਹਾ ਕਿ ਜੰਗ ਕਿਸੇ ਮਸਲੇ ਦਾ ਹੱਲ ਨਹੀਂ। ਜੰਗ ਨਾਲ਼ ਕੇਵਲ ਆਮ ਲੋਕਾਂ ਅਤੇ ਸੁਰੱਖਿਆ ਬਲਾਂ ਉੱਤੇ ਮਾਰੂ ਅਸਰ ਹੀ ਪੈਂਦਾ ਹੈ। ਜੰਗਾਂ ਹਥਿਆਰਾਂ ਦੇ ਵਪਾਰੀਆਂ ਦੀ ਸ਼ਹਿ 'ਤੇ ਵਿਕਾਸਸ਼ੀਲ ਦੇਸ਼ ਲੜਦੇ ਹਨ। ਜਿਸ ਨਾਲ਼ ਉਨ੍ਹਾਂ ਦੀ ਅਰਥ ਵਿਵਸਥਾ ਵਿਗੜਦੀ ਹੈ ਅਤੇ ਵਿਕਸਿਤ/ਸਾਮਰਾਜੀ ਹਥਿਆਰਾਂ ਦੇ ਵਪਾਰੀ ਦੇਸ਼ ਮੋਟੇ ਮੁਨਾਫੇ ਕਮਾਉਂਦੇ ਹਨ। ਮਸਲੇ ਗੱਲਬਾਤ ਨਾਲ਼ ਹੱਲ ਹੋਣੇ ਚਾਹੀਦੇ ਹਨ ਅਤੇ ਆਮ ਲੋਕਾਂ ਦਾ ਡੋਲਿਆ ਜਾਂਦਾ ਖ਼ੂਨ ਬੰਦ ਹੋਣਾ ਚਾਹੀਦਾ ਹੈ। ਇਹ ਅਨੁਸ਼ਾਸਨ-ਬੱਧ ਅਮਨ ਮਾਰਚ "ਸੰਯੁਕਤ ਕਿਸਾਨ ਮੋਰਚੇ ਦੀ ਪੁਕਾਰ ਅਮਨ, ਸ਼ਾਂਤੀ ਸੱਭਿਆਚਾਰ, ਜੰਗ ਵਿਰੋਧੀ ਤਾਕਤਾਂ ਜਿੰਦਾਬਾਦ" ਅਤੇ "ਜੰਗਬਾਜ਼ ਤਾਕਤਾਂ ਮੁਰਦਾਬਾਦ" ਦੇ ਨਾਅਰੇ ਲਾਉਂਦਾ ਕਾਮਰੇਡ ਦਲੀਪ ਸਿੰਘ ਘਨੌਲਾ ਸੀਨੀਅਰ ਕਿਸਾਨ ਆਗੂ ਵੱਲੋਂ ਧੰਨਵਾਦ ਕਰਨ 'ਤੇ ਸਮਾਪਤ ਹੋਇਆ। ਇਸ ਮੌਕੇ ਕੁੱਲ ਹਿੰਦ ਕਿਸਾਨ ਸਭਾ ਦੇ ਜਿਲ੍ਹਾ ਪ੍ਰਧਾਨ ਕਾਮਰੇਡ ਸੁਰਜੀਤ ਸਿੰਘ ਢੇਰ, ਕਾਮਰੇਡ ਬਜਿੰਦਰ ਪੰਡਿਤ, ਤਰਲੋਚਨ ਸਿੰਘ ਹੁਸੈਨਪੁਰ, ਕਾਮਰੇਡ ਪਵਨ ਕੁਮਾਰ ਸਰਪੰਚ ਚੱਕਕਰਮਾਂ, ਕੁੱਲ ਹਿੰਦ ਕਿਸਾਨ ਸਭਾ ਅਜੇ ਭਵਨ ਦੇ ਆਗੂ ਕਾਮਰੇਡ ਦਵਿੰਦਰ ਨੰਗਲੀ, ਕਾਮਰੇਡ ਸੁਖਵੀਰ ਸਿੰਘ ਸੁੱਖਾ, ਗੁਰਨਾਮ ਸਿੰਘ ਔਲਖ , ਜਗਦੀਸ਼ ਲਾਲ, ਜਮਹੂਰੀ ਕਿਸਾਨ ਸਭਾ ਆਗੂ ਧਰਮਪਾਲ ਸੈਣੀ ਮਾਜਰਾ, ਜਰਨੈਲ ਸਿੰਘ ਘਨੌਲਾ, ਸ਼ਮਸ਼ੇਰ ਸਿੰਘ ਹਵੇਲੀ, ਕਿਰਤੀ ਕਿਸਾਨ ਮੋਰਚਾ ਆਗੂ ਕਾਮਰੇਡ ਦਵਿੰਦਰ ਸਰਥਲੀ, ਜਰਨੈਲ ਸਿੰਘ ਮਗਰੋੜ, ਸੀਟੂ ਆਗੂ ਕਾਮਰੇਡ ਗੁਰਦੇਵ ਸਿੰਘ ਬਾਗੀ, ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਆਗੂ ਰੁਪਿੰਦਰ ਸਿੰਘ ਰੂਪਾ ਖਵਾਸਪੁਰ, ਕਾਮ-ਰੇਡ ਕਾਕਾ ਰਾਮ ਮੋਰਿੰਡਾ, ਤਰਕਸ਼ੀਲ ਆਗੂ ਅਸ਼ੋਕ ਕੁਮਾਰ, ਕਾਮਰੇਡ ਅਮਰ ਸਿੰਘ ਬੜਾ ਪਿੰਡ, ਗੁਰਨਾਮ ਸਿੰਘ ਬੜਾ ਪਿੰਡ, ਭਗਤ ਸਿੰਘ ਬਿੱਕੋਂ, ਪਿਆਰਾ ਸਿੰਘ ਬੇਲੀਆਂ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

10ਵਾਂ ਵਰਲਡ ਕਬੱਡੀ ਕੱਪ ਸੈਕਰਾਮੈਂਟੋ ਕੈਲੀਫੋਰਨੀਆ ਯੂ ਐਸ ਏ ਵਿਖੇ

ਅਮਰੀਕਾ (ਹਰਜਿੰਦਰ ਪਾਲ ਛਾਬੜਾ) ਇੰਟਰਨੈਸ਼ਨਲ ਕਬੱਡੀ ਪ੍ਰਮੋਟਰ ਸੀਤਲ ਸਿੰਘ ਨਿੱਝਰ ਨੇ ਜਾਣਕਾਰੀ ਦਿੰਦਿਆ ਦਸਿਆ ਕਿ ਮਿਤੀ 24 ਮਈ 2025 ਦਿਨ ਸ਼ਨੀਵਾਰ ਨੂੰ ਕਿੰਗਸ ਸਪੋਰਟਸ ਕਲਚਰ ਕਲੱਬ ਆਫ ਸੈਕਰਾਮੈਂਟੋ ਵਲੋ 10 ਵਾਂ ਵਰਲਡ ਕਬੱਡੀ ਕੱਪ ਕਰਵਾਇਆ ਜਾ ਰਿਹਾ ਹੈ। ਜਿਸ ਨੂੰ ਚੜਦਾ ਪੰਜਾਬ ਕਲੱਬ ਆਫ ਸੈਕਰਾਮੈਂਟੋ ਨੇ ਸਪਾਂਸਰ ਕੀਤਾ ਹੈ। ਇਹ ਕਬੱਡੀ ਕੱਪ ਵਿੱਚ ਮਸ਼ਹੂਰ ਕਬੱਡੀ ਖਿਡਾਰੀ ਹਿੱਸਾ ਲੈਣਗੇ ਤੇ ਆਪਣੇ ਬਲ ਦਾ ਪ੍ਰਦਰਸ਼ਿਤ ਕਰਨਗੇ। ਇਹ ਪੂਰਾ ਕਬੱਡੀ ਕੱਪ ਦਾ ਆਯੋਜਨ ਕੀਤਾ ਗਿਆ ਕਬੱਡੀ ਪ੍ਰੋਮੋਟਰ ਗੁਰਮੁਖ ਸੰਧੂ , ਕਿੰਦੂ ਰਮੀਦੀ, ਸੋਢੀ ਢੀਂਡਸਾ, ਜੱਸੀ ਢਿੱਲੋਂ ,ਸੁਖਵਿੰਦਰ ਤੂਰ, ਗੁਰ-ਚਰਨ ਚੰਨੀ , ਸੀਤਲ ਸਿੰਘ ਨਿੱਜਰ , ਗੁਰਨੇਕ ਢਿੱਲੋਂ , ਬੂਟਾ ਢਿੱਲੋਂ, ਬੂਟਾ ਲੋਧੀ ,ਰਣਵੀਰ ਦੌਸਾਂਝ , ਸਾਈ ਸੋਹਲ,ਹਰਨੇਕ ਸੰਧੂ , ਬਲਜੀਤ ਸਿੰਘ ਬੱਸੀ ,ਜਸਵਿੰਦਰ ਸਿੰਘ ,ਰਵਿੰਦਰ ਜੌਹਲ , ਜਸਵਿੰਦਰ ਬੋਪਾਰਾਏ , ਅਮਨਦੀਪ ਸੰਧੂ , ਸਾਬੀ ਧਾਲੀਵਾਲ , ਬੂਟਾ ਸਿੱਧੂ , ਸ਼ੀਰਾ ਹੇਰੀਆਂ , ਸਤਨਾਮ ਸਿੰਘ ਸ਼ੋਕਰ , ਜਸਕਰਨਪ੍ਰੀਤ ਸਿੰਘ , ਹਰਮੀਤ ਸਿੰਘ ਅਟਵਾਲ ਅਤੇ ਹੋਰ ਐਨ ਆਰ ਆਈ ਵੀਰ ।

ਕੀ ਲੋਕਾਂ ਨੂੰ ਉਨ੍ਹਾਂ ਦੇ ਘਰ ਦਿਵਾਉਣ ਦਾ ਵਾਅਦਾ ਚੋਣ ਤਾਰੀਖ ਐਲਾਨ ਹੋਣ ਤੋਂ ਪਹਿਲਾਂ ਪੂਰਾ ਕਰ ਸਕੇਗੀ ਸਰਕਾਰ ? ਇੱਕ ਵੱਡਾ ਸਵਾਲ - ਐਡਵੋਕੇਟ ਘੁੰਮਣ

ਲੁਧਿਆਣਾ (ਕਰਨੈਲ ਸਿੰਘ ਐੱਮ.ਏ.) ਵਿਧਾਨ ਸਭਾ ਹਲਕਾ ਪੱਛਮੀ ਦੀ ਉੱਪ ਚੋਣ ਲਈ ਚੋਣ ਮੈਦਾਨ ਵਿੱਚ ਉੱਤਰੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਨੇ ਕਿਹਾ ਕਿ ਝੂਠ ਤੇ ਫਰੇਬ ਦੀ ਰਾਜਨੀਤੀ ਕਰਨ ਵਜੋਂ ਜਾਣੀ ਜਾਂਦੀ ਆਮ ਆਦਮੀ ਪਾਰਟੀ ਨੇ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਦੇ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਵਿੱਚ ਹਰ ਪਾਸਿਉਂ ਫੇਲ ਸਾਬਤ ਹੋਈ ਹੈ। ਐਡਵੋਕੇਟ ਘੁੰਮਣ ਨੇ ਕਿਹਾ ਕਿ ਹਲਕਾ ਪੱਛਮੀ ਦੀ ਉੱਪ ਚੋਣ ਨੂੰ ਮੁੱਖ ਰੱਖਦੇ ਹੋਏ ਸੂਬਾ ਸਰਕਾਰ ਦੇ ਨੁਮਾਇੰਦੇ ਲੋਕਾਂ ਨਾਲ ਇੱਕ ਹੋਰ ਵਾਅਦਾ ਕਰ ਰਹੇ ਹਨ ਕਿ ਰਣਧੀਰ ਸਿੰਘ ਨਗਰ ਵਿਖੇ ਜਿਨ੍ਹਾਂ 64 ਅਤੇ 100 ਗਜ਼ ਹਾਊਸਿੰਗ ਬੋਰਡਾਂ ਦੇ ਪਲਾਟਾਂ ਦੀ ਪਿਛਲੇ 25-30 ਸਾਲ ਤੋਂ ਕੋਈ ਅਲਾਟਮੈਂਟ ਨਹੀਂ ਹੋਈ ਜਾਂ ਕੋਈ ਪ੍ਰੀਵਾਰ ਉਨ੍ਹਾਂ ਹਾਊਸਿੰਗ ਬੋਰਡਾਂ ਦੇ ਘਰਾਂ ਵਿੱਚ ਪਿਛਲੇ 12 ਸਾਲਾਂ ਤੋਂ ਰਹਿ ਰਿਹਾ ਹੈ ਉਸ ਦੀਆਂ ਰਜਿਸਟਰੀਆਂ ਜਲਦ ਕੀਤੀਆਂ ਜਾਣਗੀਆਂ। ਐਡਵੋਕੇਟ ਘੁੰਮਣ ਨੇ ਕਿਹਾ ਕਿ ਜਿਹੜੀ ਸਰਕਾਰ ਨੇ ਪੰਜਾਬ ਦੀਆਂ ਧੀਆਂ, ਭੈਣਾਂ ਅਤੇ ਮਾਵਾਂ ਨਾਲ ਇੱਕ ਹਜਾਰ ਰੁਪਏ ਮਹੀਨਾਂ ਦੇਣ ਦੀ ਗੱਲ ਨੂੰ ਅਜੇ ਤੱਕ ਪੂਰਾ ਨਹੀਂ ਕੀਤਾ ਉਹ ਹੁਣ ਵੋਟਰਾਂ ਨੂੰ ਲੁਭਾਉਣ ਲਈ ਨਵੇਂ- ਨਵੇਂ ਢੰਗ ਤਰੀਕੇ ਅਪਣਾ ਕੇ ਕੀ ਦਿਖਾਉਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਹਲਕਾ ਪੱਛਮੀ ਦੀ ਉੱਪ ਚੋਣ ਨੂੰ ਲੈ ਕੇ ਲੋਕਾਂ ਨਾਲ ਲੋਕ ਲੁਭਾਉਣੇ ਵਾਅਦੇ ਤਾਂ ਕਰ ਰਹੀ ਹੈ ਪਰ ਉੱਪ ਚੋਣ ਲਈ ਚੋਣ ਕਮਿਸ਼ਨ ਵੱਲੋਂ ਤਾਰੀਖ ਨੂੰ ਲੈ ਕੇ ਜਾਰੀ ਕੀਤੇ ਜਾਣ ਵਾਲੇ ਨੋਟੀਫਿਕੇਸ਼ਨ ਤੋਂ ਪਹਿਲਾਂ ਪਹਿਲਾਂ ਲੋਕਾਂ ਨਾਲ ਕੀਤਾ ਵਾਅਦਾ ਪੂਰਾ ਕਰ ਸਕੇਗੀ ਜਾਂ ਨਹੀਂ ? ਇਹ ਇੱਕ ਵੱਡਾ ਸਵਾਲ ਹੈ। ਉਨ੍ਹਾਂ ਕਿਹਾ ਕਿ ਜੇਕਰ ਇਸ ਵਾਰ ਵੀ ਸਰਕਾਰ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਵਿੱਚ ਅਸਫਲ ਰਹਿੰਦੀ ਹੈ ਤਾਂ ਲੋਕ ਉੱਪ ਚੋਣ ਵਿੱਚ ਆਪਣੀ ਵੋਟ ਦੀ ਤਾਕਤ ਨਾਲ 'ਆਪ' ਦੀ ਸਰਕਾਰ ਦੇ ਉਮੀਦਵਾਰ ਦਾ ਬੋਰੀਆਂ ਬਿਸਤਰਾ ਗੋਲ ਕਰਨ ਵਿੱਚ ਦੇਰ ਨਹੀਂ ਲਗਾਏਗੀ। ਉਨ੍ਹਾ ਇਹ ਵੀ ਕਿਹਾ ਕਿ ਸੂਬਾ ਸਰਕਾਰ ਦੇ ਬੀਤੇ ਸਾਡੇ ਤਿੰਨ ਸਾਲਾਂ ਦੇ ਕਾਰਜਕਾਲ ਦੌਰਾਨ ਸੂਬੇ 'ਚ ਲਾਅ ਐਂਡ ਆਡਰ ਦੀ ਸਥਿਤੀ ਵਿੱਚ ਵੱਡਾ ਨਿਘਾਰ ਆਇਆ ਹੈ। ਭਰੇ ਬਾਜਾਰ, ਸ਼ਰੇਆਮ ਲੁੱਟ, ਖੋਹ, ਡਿਕੈਤੀ ਅਤੇ ਮਡਰ ਦੀਆਂ ਵਾਰਦਾਤਾਂ ਆਏ ਦਿਨ ਨਵੇਂ ਆਂਕੜੇ ਪਾਰ ਕਰ ਰਹੀਆਂ ਹਨ। ਨਸ਼ਿਆਂ ਦੀ ਮਾਰ ਹੇਠ ਆਏ ਨੌਜਵਾਨਾਂ ਦੀ ਮੌਤ ਕਾਰਨ ਮਾਵਾਂ ਦੀਆਂ ਅੱਖਾਂ ਵਿੱਚੋਂ ਨਿਕਲਦੇ ਅੱਥਰੂ ਰੁਕਣ ਦਾ ਨਾਂ ਨਹੀਂ ਲੈ ਰਹੇ। ਸਾਰਾਬ ਤੇ ਰੇਤ ਮਾਫੀਆਂ ਸਰਕਾਰ ਦੇ ਇਸ਼ਾਰਿਆਂ ਤੇ ਕਾਰੋਬਾਰ ਦੀ ਖੇਡ, ਖੇਡ ਰਹੇ ਹਨ।

ਸ਼ਹੀਦ ਸੁਖਦੇਵ ਥਾਪਰ ਦਾ ਜਨਮ-ਦਿਨ ਦੇਸ਼ ਭਗਤੀ ਅਤੇ ਦੇਸ਼ ਲਈ ਕੁਝ ਕਰਨ ਦੀ ਸੋਚ ਨੂੰ ਜਨਮ ਦਿੰਦਾ ਹੈ- ਬਾਵਾ

● ਸ਼ਹੀਦਾਂ ਦੀਆਂ ਫੋਟੋਆਂ ਦਫ਼ਤਰਾਂ ਵਿੱਚ ਲਗਾਉਣ ਨਾਲ ਨਹੀਂ ਉਹਨਾਂ ਦੀ ਸੋਚ ਨੂੰ ਹਿਰਦੇ ਅੰਦਰ ਬਿਠਾਉਣ ਨਾਲ ਹੀ ਤਬਦੀਲੀ ਲਿਆਂਦੀ ਜਾ ਸਕਦੀ ਹੈ

● ਪੰਜਾਬ ਸਰਕਾਰ ਸ਼ਹੀਦ ਸੁਖਦੇਵ ਦੇ ਜਨਮ ਅਸਥਾਨ ਨੂੰ ਜਾਣ ਵਾਲਾ ਰਸਤਾ ਖੋਲ੍ਹੇ ਅਤੇ ਸ਼ਹੀਦਾਂ ਪ੍ਰਤੀ ਸੋਚ ਵਿਸ਼ਾਲ ਕਰੇ- ਬਾਵਾ

ਲੁਧਿਆਣਾ (ਕਰਨੈਲ ਸਿੰਘ ਐੱਮ.ਏ.)- ਅੱਜ ਦੇਸ਼ ਭਗਤ ਯਾਦਗਾਰੀ ਸੁਸਾਇਟੀ ਪੰਜਾਬ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ, ਜ਼ਿਲ੍ਹਾ ਕਾਂਗਰਸ ਦੇ ਪ੍ਰਧਾਨ ਸੰਜੇ ਤਲਵਾੜ ਨੇ ਨੌਘਰਾਂ ਜਨਮ ਅਸਥਾਨ ਸੁਖਦੇਵ ਥਾਪਰ ਦੇ ਗ੍ਰਹਿ ਪੁੱਜੇ। ਇਸ ਸਮੇਂ ਉਹਨਾਂ ਅਸ਼ੋਕ ਥਾਪਰ ਵੱਲੋਂ ਸ਼ਹੀਦਾਂ ਦੀ ਯਾਦ ਨੂੰ ਤਾਜ਼ਾ ਕਰਨ ਲਈ ਚੁੱਕੇ ਬੀੜੇ ਦੀ ਸ਼ਲਾਘਾ ਕੀਤੀ।

ਸ਼੍ਰੀ ਬਾਵਾ ਅਤੇ ਤਲਵਾੜ ਨੇ ਕਿਹਾ ਕਿ ਸੁਖਦੇਵ ਥਾਪਰ ਦਾ ਜਨਮ-ਦਿਨ ਦੇਸ਼ ਭਗਤੀ ਅਤੇ ਦੇਸ਼ ਲਈ ਕੁਝ ਕਰਨ ਦੀ ਸੋਚ ਨੂੰ ਜਨਮ ਦਿੰਦਾ ਹੈ। ਉਹਨਾਂ ਕਿਹਾ ਕਿ ਸ਼ਹੀਦਾਂ ਦੀਆਂ ਫੋਟੋਆਂ ਦਫ਼ਤਰਾਂ ਵਿੱਚ

ਲਗਾ ਕੇ ਸਮਾਜਿਕ ਤਬਦੀਲੀ ਨਹੀਂ ਆ ਸਕਦੀ। ਉਹਨਾਂ ਕਿਹਾ ਕਿ ਮਹਾਨ ਦੇਸ਼ ਭਗਤਾਂ ਅਤੇ ਸ਼ਹੀਦਾਂ ਦੀ ਸੋਚ ਨੂੰ ਹਿਰਦੇ ਅੰਦਰ ਬਿਠਾ ਕੇ ਹੀ ਅਸੀਂ ਸਮਾਜ ਲਈ ਕੁਝ ਬਿਹਤਰ ਕਰ ਸਕਦੇ ਹਾਂ। ਉਹਨਾਂ ਕਿਹਾ ਕਿ ਸ਼ਹੀਦ ਸੁਖਦੇਵ ਦੇ ਘਰ ਨੂੰ ਜਾਣ ਵਾਲਾ ਰਸਤਾ ਚੌੜਾ ਕਰਨ ਦੀ ਲੋੜ ਹੈ ਜੋ ਤੰਗ ਸੋਚ ਨਾਲ ਨਹੀਂ ਸਗੋਂ ਵਿਸ਼ਾਲ ਸੋਚ ਨਾਲ ਹੋ ਸਕਦਾ ਹੈ।ਬਾਵਾ ਨੇ ਕਿਹਾ ਕਿ ਸੁਤੰਤਰਤਾ ਸੰਗਰਾਮੀ, ਅੱਤਵਾਦ ਸਮੇਂ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਆਪਣੀਆਂ ਜਾਨਾਂ ਵਾਰਨ ਵਾਲੇ ਲੋਕਾਂ ਨੂੰ ਸਰਕਾਰ, ਸਮਾਜ ਅਤੇ ਸਿਆਸੀ ਪਾਰਟੀਆਂ ਵੱਲੋਂ ਜੋ ਸਤਿਕਾਰ ਮਿਲਣਾ ਚਾਹੀਦਾ ਹੈ ਉਹ ਨਹੀਂ ਮਿਲ ਰਿਹਾ। ਉਹਨਾਂ ਕਿਹਾ ਕਿ ਲੋੜ ਹੈ ਮਹਾਨ ਸ਼ਹੀਦਾਂ, ਸੁਤੰਤਰਤਾ ਸੰਗਰਾਮੀਆਂ ਦੀਆਂ ਸ਼ਹਾਦਤਾਂ ਦਾ ਸਤਿਕਾਰ ਕਰਦੇ ਹੋਏ ਉਹਨਾਂ ਦੀ ਦੇਸ਼ ਸਮਾਜ ਪ੍ਰਤੀ ਸੋਚ 'ਤੇ ਪਹਿਰਾ ਦੇਈਏ। ਇਹਨਾਂ ਨੂੰ ਫੁੱਲ ਮਾਲਾਵਾਂ ਅਤੇ ਫੁੱਲ ਭੇਂਟ ਕਰਨ ਤੱਕ ਹੀ ਸੀਮਤ ਨਾ ਰੱਖੀਏ।

ਓਰੀਐਂਟ ਸਕੂਲ ਦੇ ਵਿਦਿਆਰਥੀਆਂ ਨੇ ਬਾਰ੍ਹਵੀਂ ਜਮਾਤ ਵਿੱਚ ਚੰਗੇ ਨੰਬਰ ਲੈ ਕੇ ਸਕੂਲ ਦਾ ਨਾਮ ਕੀਤਾ ਰੋਸ਼ਨ

ਲੁਧਿਆਣਾ (ਕਰਨੈਲ ਸਿੰਘ ਐੱਮ.ਏ.) ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਬਾਰ੍ਹਵੀਂ ਜਮਾਤ ਦੇ ਐਲਾਨੇ ਗਏ ਰਿਜਲਟ ਮੌਕੇ ਓਰੀਐਂਟ ਸਕੂਲ ਦੇ ਵਿਦਿਆਰਥੀਆਂ ਨੇ ਚੰਗੇ ਨੰਬਰ ਲੈ ਕੇ ਸਕੂਲ ਦਾ ਨਾਮ ਰੋਸ਼ਨ ਕੀਤਾ ਹੈ । ਕਮਲਪ੍ਰੀਤ ਨੇ 12ਵੀਂ ਜਮਾਤ ਦੇ ਨਤੀਜਿਆਂ ਵਿੱਚ ਪ੍ਰਭਾਵਸ਼ਾਲੀ 83% ਅੰਕਾਂ ਨਾਲ ਪਹਿਲਾ ਸਥਾਨ ਪ੍ਰਾਪਤ ਕੀਤਾ, ਉਸ ਤੋਂ ਬਾਅਦ ਨਵਨੀਤ ਕੌਰ ਨੇ 81% ਅਤੇ ਗੁਰਪ੍ਰੀਤ ਕੌਰ ਨੇ 80% ਅੰਕਾਂ ਨਾਲ ਦੂਜਾ ਸਥਾਨ ਪ੍ਰਾਪਤ ਕੀਤਾ। ਪ੍ਰਿੰਸੀਪਲ ਲਕਸ਼ਮੀ ਠਾਕੁਰ ਚੌਹਾਨ ਦੀ ਅਗਵਾਈ ਵਿੱਚ ਸਕੂਲ ਭਾਈਚਾਰੇ ਨੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਦਾ ਮਾਣ ਨਾਲ ਜਸ਼ਨ ਮਨਾਇਆ।

ਚੇਅਰਮੈਨ ਵਿਕਰਮ ਸ਼ਰਮਾ, ਐਮ.ਡੀ. ਸ਼ਾਰਦਾ ਸ਼ਰਮਾ ਅਤੇ ਸ਼ੁਭਮ ਸ਼ਰਮਾ, ਅਤੇ ਮੈਨੇਜਮੈਂਟ ਮੈਂਬਰ ਡਾ: ਸ਼ਰੂਤੀ ਸ਼ਰਮਾ ਨੇ ਟਾਪਰਾਂ ਨੂੰ ਵਧਾਈ ਦਿੱਤੀ ਅਤੇ ਇਨ੍ਹਾਂ ਸ਼ਾਨਦਾਰ ਨਤੀਜਿਆਂ ਨੂੰ ਪ੍ਰਾਪਤ ਕਰਨ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਦੋਵਾਂ ਦੀ ਸਖ਼ਤ ਮਿਹਨਤ ਦੀ ਸ਼ਲਾਘਾ ਕੀਤੀ। ਸਾਰੇ ਮੈਨੇਜਮੈਂਟ ਮੈਂਬਰ ਸਾਰੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦੇ ਹਨ।

ਭਾਈ ਰਾਮ ਕਿਸ਼ਨ ਗੁਰਮਤਿ ਪਬਲਿਕ ਸੀ: ਸੈ: ਸਕੂਲ ਅਰਬਨ ਅਸਟੇਟ ਫੇਜ਼-1, ਪਟਿਆਲਾ ਦਾ ਰਿਜਲਟ 100% ਰਿਹਾ

ਲੁਧਿਆਣਾ (ਕਰਨੈਲ ਸਿੰਘ ਐੱਮ.ਏ.)— ਭਾਈ ਰਾਮ ਕਿਸ਼ਨ ਗੁਰਮਤਿ ਪਬਲਿਕ ਸੀ: ਸੈ: ਸਕੂਲ ਅਰਬਨ ਅਸਟੇਟ ਫੇਜ਼-1, ਪਟਿਆਲਾ ਲਈ ਬਹੁਤ ਉਪਲਬਧੀ ਤੇ ਖ਼ੁਸ਼ੀ ਵਾਲੀ ਗੱਲ ਹੈ ਕਿ ਲਗਾਤਾਰ 31 ਸਾਲ ਤੋਂ ਹੁਣ ਤੱਕ ਸਕੂਲ ਦਾ 100% ਰਿਜਲਟ ਰਿਹਾ ਅਤੇ ਇਸ ਵਾਰ ਵੀ ਸਾਰੇ ਵਿਦਿਆਰਥੀਆਂ ਨੇ ਬਾਰ੍ਹਵੀਂ ਜਮਾਤ ਪਹਿਲੇ ਦਰਜੇ ਵਿੱਚ ਪਾਸੇ ਕੀਤੀ। ਸਾਇੰਸ, ਕਾਮਰਸ ਅਤੇ ਆਰਟਸ ਤਿੰਨੋਂ ਸਟਰੀਮ ਦੇ ਵਿਦਿਆਰਥੀਆਂ ਨੇ ਆਪਣਾ ਅਤੇ ਸਕੂਲ ਦਾ ਨਾਮ ਰੌਸ਼ਨ ਕੀਤਾ। ਸਕੂਲ ਦੇ 12 ਵਿਦਿਆਰਥੀਆਂ ਦੇ ਨੰਬਰ 90% ਤੋਂ ਉੱਪਰ ਰਹੇ ਅਤੇ ਬਾਕੀ ਵਿਦਿਆਰਥੀਆਂ ਨੇ 80% ਤੋਂ ਉੱਪਰ ਨੰਬਰ ਪ੍ਰਾਪਤ ਕੀਤੇ।

ਇਸ ਮੌਕੇ ਉੱਤੇ ਸਕੂਲ ਦੇ ਪ੍ਰਿੰਸੀਪਲ ਹਿੰਮਤ ਕੌਰ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਸਕੂਲ ਦੇ ਡਾਇਰੈਕਟਰ ਰਮਣੀਕ ਸਿੰਘ ਘੁੰਮਣ ਨੇ ਬੱਚੇ, ਸਟਾਫ ਅਤੇ ਮਾਪਿਆਂ ਦਾ ਧੰਨਵਾਦ ਕੀਤਾ। ਜਿਨ੍ਹਾਂ ਦੇ ਸਹਿਯੋਗ ਕਾਰਨ ਸਕੂਲ ਇਹ ਉਪਲਬਧੀ ਹਾਸਿਲ ਕਰ ਸਕਿਆ। ਸਕੂਲ ਦੇ ਪ੍ਰਧਾਨ ਮਹੰਤ ਚਮਕੌਰ ਸਿੰਘ 'ਸੇਵਾਪੰਥੀ' ਜੀ ਨੇ ਕਿਹਾ ਕਿ ਸਾਡੇ ਸਕੂਲ ਦਾ ਮੁੱਖ ਮੰਤਵ ਵਿਦਿਆਰਥੀਆਂ ਦੇ ਭਵਿੱਖ ਨੂੰ ਸਹੀ ਸੇਧ ਦੇਣਾ ਹੈ ਤਾਂ ਕਿ ਉਹ ਆਪਣੇ ਮਾਪਿਆਂ, ਸਕੂਲ ਅਤੇ ਦੇਸ਼ ਦਾ ਨਾਮ ਸੁਨਹਿਰੀ ਅੱਖਰਾਂ ਵਿੱਚ ਲਿਖ ਸਕਣ ਅਤੇ ਵਿਦਿਆਰਥੀਆਂ ਨੂੰ ਸੰਦੇਸ਼ ਦਿੰਦੇ ਹੋਏ ਕਿਹਾ ਕਿ ਜਿਹੜੇ ਵਿਦਿਆਰਥੀ ਪੰਜਾਬ ਵਿੱਚੋਂ ਫਸਟ ਜਾਂ ਮੈਰਿਟ ਲਿਸਟ ਵਿੱਚ ਆਉਣਗੇ, ਉਹਨਾਂ ਨੂੰ ਵੱਡੀ ਪੱਧਰ ਤੇ ਸਨਮਾਨਿਤ ਕੀਤਾ ਜਾਵੇਗਾ। ਇਸ ਮੌਕੇ ਉੱਤੇ ਸਟਾਫ ਅਤੇ ਬੱਚਿਆਂ ਨੇ ਖ਼ੁਸ਼ੀ ਦਾ ਇਜ਼ਹਾਰ ਕੀਤਾ ਅਤੇ ਬੱਚਿਆਂ ਦਾ ਮੂੰਹ ਮਿੱਠਾ ਕਰਵਾ ਕੇ ਵਧਾਈ ਦਿੱਤੀ।

13ਵਾਂ ਮੇਲਾ ਪੰਜਾਬੀਆਂ ਦਾ ਐਡਮਿੰਟਨ ਵਿੱਚ ਲੱਗੇਗਾ 23 ਅਗਸਤ ਨੂੰ -ਓਪਿੰਦਰ ਮਠਾਰੂ

ਸਰੀ/ ਵੈਨਕੂਵਰ (ਕੁਲਦੀਪ ਚੁੰਬਰ)- ਤੇਰ੍ਹਵਾਂ ਮੇਲਾ ਪੰਜਾਬੀਆਂ ਦਾ ਐਡਮਿੰਟਨ ਕਨੇਡਾ ਵਿੱਚ ਹਰ ਸਾਲ ਦੀ ਤਰ੍ਹਾਂ ਧੂਮ ਧਾਮ ਨਾਲ 23 ਅਗਸਤ ਨੂੰ ਕਰਵਾਇਆ ਜਾ ਰਿਹਾ ਹੈ। ਐਡਮਿੰਟਨ ਕਨੇਡਾ ਵਿੱਚ ਫਰੀ ਮੇਲਾ ਹਰ ਵਰ੍ਹੇ ਦੀ ਤਰ੍ਹਾਂ ਕਰਵਾਉਣ ਦੀਆਂ ਤਿਆਰੀਆਂ ਸਾਰੇ ਪ੍ਰਬੰਧਕਾਂ ਵਲੋਂ ਜੰਗੀ ਪੱਧਰ ਤੇ ਚੱਲ ਰਹੀਆਂ ਹਨ। ਐਡਮਿੰਟਨ ਵਾਸੀਆਂ ਨੂੰ ਇਸ ਮੇਲੇ ਵਿੱਚ ਹਰ ਸਾਲ ਦੀ ਤਰ੍ਹਾਂ ਖੁੱਲਾ ਸੱਦਾ ਹੈ ਅਤੇ ਪਰਿਵਾਰਾਂ ਸਮੇਤ ਇਸ ਮੇਲੇ ਦੀ ਰੌਣਕ ਨੂੰ ਵਧਾਉਣ ਦੀ ਬੇਨਤੀ ਪ੍ਰਬੰਧਕ ਵੀਰਾਂ ਨੇ ਸਭ ਸ਼ਹਿਰੀਆਂ ਨੂੰ ਕੀਤੀ ਹੈ । ਕਨੇਡੀਅਨ ਮਿਊਜਿਕ ਆਰਟਿਸਟ ਐਸੋਸੀਏਸ਼ਨ, ਐਡਮਿੰਟਨ ਪੰਜਾਬ ਯੂਨਾਈਟਡ ਸਪੋਰਟਸ ਅਤੇ ਹੈਰੀਟੇਜ ਐਸੋਸੀਏਸ਼ਨ ਐਂਡ ਓਪਲ

ਟਰੱਕਿੰਗ ਲਿਮਿਟਡ ਇਸ ਮੇਲੇ ਦੇ ਪੇਸ਼ਕਾਰ ਹਨ। ਮੇਲੇ ਵਿੱਚ ਇਸ ਵਾਰ ਵਿਸ਼ੇਸ਼ ਤੌਰ ਤੇ ਸਿੰਘ ਹਰਜੋਤ, ਉਪਿੰਦਰ ਮਠਾਰੂ, ਬਲਕਾਰ ਸਿੱਧੂ, ਜੱਸੀ ਸੋਹਲ, ਜੈਸਮੀਨ ਅਖ਼ਤਰ, ਸਿਮਰਨ ਸਹੋਤਾ ਸਮੇਤ ਕਈ ਹੋਰ ਫਨਕਾਰਾਂ ਨਾਲ ਰਾਬਤਾ ਕਾਇਮ ਕੀਤਾ ਗਿਆ ਹੈ, ਜੋ ਇਸ ਮੇਲੇ ਦੀ ਸ਼ਾਨ ਨੂੰ ਹੋਰ ਵੀ ਦੂਣ ਸਵਾਇਆ ਕਰਨਗੇ ਅਤੇ ਆਪਣੇ ਸੱਭਿਆਚਾਰਕ ਗੀਤਾਂ ਦੀ ਪੇਸ਼ਕਾਰੀ ਕਰਕੇ ਸਰੋਤਿਆਂ ਦਾ ਮਨੋਰੰਜਨ ਕਰਨਗੇ। ਪੂਸ਼ਾ ਗਰਾਊਂਡ ਵਿੱਚ ਹਰ ਸਾਲ ਦੀ ਤਰ੍ਹਾਂ ਇਹ ਮੇਲਾ ਮਨਾਇਆ ਜਾਵੇਗਾ। ਇਸ ਮੇਲੇ ਲਈ ਸਮੁੱਚੇ ਪ੍ਰਬੰਧਕਾਂ ਦੀ ਟੀਮ ਉਪਿੰਦਰ ਮਠਾਰੂ, ਬਿੰਦਰ ਵਿਰਕ, ਲਾਡੀ ਸੂਸਾਂ ਵਾਲਾ, ਕੁਲਬੀਰ ਉੱਪਲ , ਹਰਜਿੰਦਰ ਸਿੰਘ ਢੇਸੀ, ਬਲਜੀਤ ਕਲਸੀ, ਹਰਦੀਪ ਲੱਲ, ਪੰਕਜ ਦੁਆ, ਸੰਦੀਪ ਪੰਧੇਰ , ਮਹਿੰਦਰ ਟੂਰ, ਮਨਜੀਤ ਸਿੰਘ ਫੇਰੂਮਾਨ ਆਪਣੀ ਮਿਹਨਤ ਨਾਲ ਮੇਲੇ ਦੀ ਸਫਲਤਾ ਲਈ ਦਿਨ ਰਾਤ ਇੱਕ ਕਰ ਰਹੇ ਹਨ।

ਸੰਤ ਸਰਵਣ ਦਾਸ ਚੈਰੀਟੇਬਲ ਟਰੱਸਟ ਕਨੇਡਾ ਵੈਨਕੂਵਰ ਨੇ ਮਨਾਇਆ ਬਾਬਾ ਸਾਹਿਬ ਅੰਬੇਡਕਰ ਜੀ ਅਤੇ ਸਾਹਿਬ ਸ੍ਰੀ ਕਾਂਸੀ ਰਾਮ ਜੀ ਦਾ ਜਨਮ ਦਿਹਾੜਾ

ਵੱਖ ਵੱਖ ਬੁਲਾਰਿਆਂ ਨੇ ਕੀਤਾ ਸੰਬੋਧਨ

ਸਰੀ/ ਵੈਨਕੂਵਰ (ਕੁਲਦੀਪ ਚੁੰਬਰ)- ਸੰਤ ਸਰਵਣ ਦਾਸ ਚੈਰੀਟੇਬਲ ਟਰੱਸਟ ਵੈਨਕੂਵਰ ਕਨੇਡਾ ਵਲੋਂ ਭਾਰਤੀ ਸੰਵਿਧਾਨ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ. ਬੀ ਆਰ ਅੰਬੇਡਕਰ ਜੀ ਦਾ ਅਤੇ ਬਹੁਜਨਾਂ ਦੇ ਨਾਇਕ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ ਜਨਮ ਦਿਨ ਲਵਲੀ ਬੈਂਕੁੰਟ ਹਾਲ ਸਰੀ ਵਿਖੇ ਅੰਮ੍ਰਿਤ ਬਾਣੀ ਸਤਿਗੁਰੂ ਰਵਿਦਾਸ ਜੀ ਦੀ ਸਰਪ੍ਰਸਤੀ ਹੇਠ ਇਕ ਸਮਾਗਮ ਰਚਾ ਕੇ ਮਨਾਇਆ ਗਿਆ । ਸ਼੍ਰੀਮਾਨ ਸੰਤ ਨਿਰੰਜਨ ਦਾਸ ਜੀ ਮਹਾਰਾਜ ਡੇਰਾ ਸੱਚਖੰਡ ਬੱਲਾਂ ਦੇ ਗੱਦੀ ਨਸ਼ੀਨ ਜੀ ਨੇ ਇਸ ਸਮਾਗਮ ਦੀਆਂ ਸੰਗਤਾਂ ਨੂੰ ਆਪਣਾ ਆਸ਼ੀਰਵਾਦ ਭੇਜਿਆ। ਇਸ ਮੌਕੇ ਪਹਿਲਾਂ ਸ੍ਰੀ ਅੰਮ੍ਰਿਤਬਾਣੀ ਦੇ ਜਾਪ ਕੀਤੇ ਗਏ। ਸ਼੍ਰੀ ਸੁਖਦੇਵ ਬੰਗੜ ਅਤੇ ਰਾਕੇਸ਼ ਵਿਰਦੀ ਵਲੋਂ

ਪਾਠ ਦੀ ਸੇਵਾ ਨਿਭਾਈ ਗਈ। ਇਸ ਮੌਕੇ ਭਾਈ ਮਦਨ ਕਮਾਲਪੁਰੀ ਅਤੇ ਪੰਮਾ ਸੁੰਨੜ ਵਲੋਂ ਸ਼ਬਦ ਰਚਨਾਵਾਂ ਗਾਈਆਂ ਗਈਆਂ । ਸਮਾਗਮ ਵਿੱਚ ਮੁੱਖ ਬੁਲਾਰੇ ਵਜੋਂ ਸ੍ਰੀਮਾਨ ਮਲੂਕ ਚੰਦ ਕਲੇਰ, ਰਸ਼ਪਾਲ ਸਿੰਘ ਭਾਰਦਵਾਜ, ਰੂਪ ਲਾਲ ਗੱਡੂ ਅਤੇ ਸੁਰਿੰਦਰ ਸੰਧੂ ਹੁਸ਼ਿਆਰਪੁਰ ਨੇ ਵਿਸ਼ੇਸ਼ ਤੌਰ ਤੇ ਆਪਣੇ ਰਹਿਬਰਾਂ ਭਾਰਤ ਰਤਨ ਬਾਬਾ ਸਾਹਿਬ ਡਾ. ਬੀ ਆਰ ਅੰਬੇਡਕਰ ਜੀ ਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਜੀਵਨ ਤੇ ਉਨਾਂ ਵਲੋਂ ਚਲਾਏ ਮਿਸ਼ਨ ਦੀਆਂ ਅਹਿਮ ਵਿਚਾਰਾਂ ਹਾਜ਼ਰੀਨ ਵਿੱਚ ਰੱਖੀਆਂ ਗਈਆਂ। ਸਭਾ ਦੇ ਬੁਲਾਰੇ ਸ੍ਰੀਮਾਨ ਵਰਿੰਦਰ ਬੰਗੜ ਨੇ ਸਾਰੀ ਸੰਗਤ ਦਾ ਧੰਨਵਾਦ ਕੀਤਾ। ਸਟੇਜ ਸਕੱਤਰ ਦੀ ਸੇਵਾ ਸ੍ਰੀਮਾਨ ਗੋਪਾਲ ਲੋਹੀਆ ਨੇ ਨਿਭਾਈ। ਅੰਤ ਵਿੱਚ ਸਾਰੀ ਸੰਗਤ ਅਤੇ ਵਲੰਟੀਅਰ ਸਾਥੀਆਂ ਤੋਂ ਇਲਾਵਾ ਲਵਲੀ ਬੈਂਕੁੰਟ ਹਾਲ ਦੀ ਮੈਨੇਜਮੈਂਟ ਟੀਮ ਦਾ ਟਰੱਸਟ ਵਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਲੰਗਰ ਦੀ ਸੇਵਾ ਸਵ. ਸ੍ਰੀ ਰਾਮ ਪ੍ਰਕਾਸ਼ ਝਿੰਮ ਅਤੇ ਮਾਤਾ ਜੀ ਹਰਬੰਸ ਕੌਰ ਜੀ ਦੇ ਪਰਿਵਾਰ ਪੁੱਤਰ ਸ੍ਰੀ ਮਦਨ ਝਿੰਮ ਅਤੇ ਸ੍ਰੀਮਤੀ ਪੂਨਮ ਝਿੰਮ ਅਤੇ ਫੈਮਲੀ ਵਲੋਂ ਕੀਤੀ ਗਈ ।

ਦ ਹੈਰੀਟੇਜ਼ ਇੰਟਰਨੈਸ਼ਨਲ ਸਕੂਲ ਦਾ ਨਤੀਜਾ ਰਿਹਾ ਸ਼ਾਨਦਾਰ

ਭੀਖੀ (ਕਮਲ ਜਿੰਦਲ) ਦ ਹੈਰੀਟੇਜ਼ ਇੰਟਰਨੈਸ਼ਨਲ ਸਕੂਲ ਦਾ ਸੀ. ਬੀ. ਐਸ. ਈ. ਵੱਲੋਂ ਐਲਾਨਿਆ ਦਸਵੀਂ ਜਮਾਤ ਦਾ ਨਤੀਜਾ ਬਹੁਤ ਸ਼ਾਨਦਾਰ ਰਿਹਾ। ਜਿਸ ਵਿੱਚ 10 ਬੱਚਿਆਂ ਨੇ 90% ਤੋਂ ਜ਼ਿਆਦਾ ਅੰਕ ਪ੍ਰਾਪਤ ਕੀਤੇ ਹਨ ਅਤੇ 80% ਤੋਂ 90% ਤੱਕ ਅੰਕ ਪ੍ਰਾਪਤ ਕਰਨ ਵਾਲੇ 16 ਵਿਦਿਆਰਥੀ ਹਨ। ਲਖਵਿੰਦਰ ਸਿੰਘ(95.4%), ਪ੍ਰਭਜੋਤ ਬਾਵਾ(95.2%), ਹਰਸ਼ਨੀਤ ਕੌਰ(94.8%), ਸਿਮਰਪ੍ਰੀਤ ਕੌਰ(94.4%), ਜੈਸਮੀਨ ਕੌਰ(93%), ਜਸਮੀਨ ਕੌਰ(93%), ਦਿਲਪ੍ਰੀਤ ਕੌਰ (91.8%), ਜਸਪ੍ਰੀਤ ਕੌਰ (90.8%), ਜਪਿੰਦਰ ਕੌਰ(90.6%) ਜਸ਼ਨਪ੍ਰੀਤ ਸਿੰਘ (90%) ਨੇ ਵਧੀਆ ਅੰਕ ਪ੍ਰਾਪਤ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ । ਪੰਜਾਬੀ ਵਿਸ਼ੇ ਵਿੱਚੋਂ 100/100 ਅੰਕ, ਵਿਗਿਆਨ ਵਿਸ਼ੇ ਵਿੱਚੋਂ 97 ਅੰਕ,ਸਮਾਜਿਕ ਸਿੱਖਿਆ ਵਿਸ਼ੇ ਵਿੱਚੋਂ 97 ਅੰਕ , ਹਿਸਾਬ ਵਿਸ਼ੇ ਵਿੱਚੋਂ 97 ਅੰਕ, ਅੰਗਰੇਜ਼ੀ ਵਿਸ਼ੇ ਵਿੱਚੋਂ 95 ਅੰਕ, ਹਿੰਦੀ ਵਿਸ਼ੇ ਵਿੱਚੋਂ 93 ਅੰਕ, ਕੰਪਿਊਟਰ ਵਿਸ਼ੇ ਵਿੱਚੋਂ 95 ਅੰਕਾਂ ਤੱਕ ਦਾ ਉੱਚ ਸਕੋਰ ਪ੍ਰਾਪਤ ਕਰਕੇ ਸਕੂਲ ਦਾ ਨਾਂ ਰੌਸ਼ਨ ਕੀਤਾ ਹੈ। ਸਕੂਲ ਦੇ ਚੇਅਰਮੈਨ ਸ਼੍ਰੀ ਸੁਰੇਸ਼ ਸਿੰਗਲਾ ਜੀ ਅਤੇ ਡਾਇਰੈਕਟਰ ਸ਼੍ਰੀ ਰਾਜੇਸ਼ ਕਾਂਸਲ ਜੀ ਨੇ ਦੱਸਿਆ ਕਿ ਸਕੂਲ ਦਾ ਸਮੂਹ ਸਟਾਫ਼ ਬਹੁਤ ਮਿਹਨਤੀ ਹੈ। ਸਮੇਂ-ਸਮੇਂ ਸਿਰ ਬੱਚਿਆਂ ਦੀ ਪੜ੍ਹਾਈ ਨੂੰ ਧਿਆਨ ਵਿੱਚ ਰੱਖਦੇ ਹੋਏ ਸਿੱਖਿਆ ਸਬੰਧੀ ਸੈਮੀਨਾਰ ਕਰਵਾਏ। ਤਜਰਬੇਕਾਰ ਅਧਿਆਪਕਾ ਵੱਲੋਂ ਬੱਚਿਆਂ ਦੀ ਪੜ੍ਹਾਈ ਸਬੰਧੀ ਹਰ ਮੁਸ਼ਕਿਲ ਨੂੰ ਦੂਰ ਕੀਤਾ ਜਾਂਦਾ ਹੈ। ਇਸ ਸਬੰਧੀ ਪ੍ਰਿੰਸੀਪਲ ਦਿਲਪ੍ਰੀਤ ਖੁਰਾਣਾ ਜੀ ਨੇ ਸਮੂਹ ਸਟਾਫ਼ ਅਤੇ ਬੱਚਿਆਂ ਦੇ ਮਾਪਿਆਂ ਨੂੰ ਇਸ ਮੌਕੇ ਤੇ ਵਧਾਈ ਦਿੰਦਿਆਂ ਕਿਹਾ ਕਿ ਸਕੂਲ ਦੇ ਮਿਹਨਤੀ ਸਟਾਫ , ਬੱਚਿਆਂ ਦੀ ਮਿਹਨਤ ਅਤੇ ਮਾਪਿਆਂ ਦੇ ਸਹਿਯੋਗ ਸਦਕਾ ਵਿਦਿਆਰਥੀ ਨਾਮਣਾ ਖੱਟ ਰਹੇ ਹਨ।

ਕਰਨਦੀਪ ਸਿੰਘ ਨੇ ਦਸਵੀਂ ਕਲਾਸ ਵਿਚੋਂ ਪ੍ਰਾਪਤ ਕੀਤਾ ਪਹਿਲਾ ਸਥਾਨ

ਭੀਖੀ (ਕਮਲ ਜਿੰਦਲ) ਸੀ. ਬੀ. ਐਸ. ਈ ਬੋਰਡ ਵੱਲੋਂ ਦਸਵੀਂ ਕਲਾਸ ਦਾ ਨਤੀਜਾ ਐਲਾਨਿਆ ਗਿਆ ਜਿਸ ਵਿੱਚ ਸਿਲਵਰ ਵਾਟਿਕਾ ਪਬਲਿਕ ਸਕੂਲ ਸਮਾਉ ਦੇ ਵਿਦਿਆਰਥੀਆਂ ਵਿੱਚੋਂ ਕਰਨਦੀਪ ਸਿੰਘ 96 ਪ੍ਰਤੀਸ਼ਤ, ਨਵਨੀਤ ਕੌਰ 88 ਪ੍ਰਤੀਸ਼ਤ , ਅਰਸ਼ਦੀਪ ਕੌਰ 87 ਪ੍ਰਤੀਸ਼ਤ, ਮਹਿਕਪ੍ਰੀਤ ਕੌਰ ਇੰਸਾ 81 ਪ੍ਰਤੀਸ਼ਤ, ਯਾਸਮੀਨ 80 ਪ੍ਰਤੀਸ਼ਤ, ਯਾਦਵੀਰ ਕੌਰ 79 ਪ੍ਰਤੀਸ਼ਤ, ਸ਼ਗਨਪ੍ਰੀਤ ਸਿੰਘ 76 ਪ੍ਰਤੀਸ਼ਤ, ਜਸਕਰਨਪ੍ਰੀਤ ਸਿੰਘ 72 ਪ੍ਰਤੀਸ਼ਤ, ਸੰਦੀਪ ਕੌਰ ਚਹਿਲ 72 ਪ੍ਰਤੀਸ਼ਤ ਰਮਨਦੀਪ ਕੌਰ 72 , ਹੁਸਨਪ੍ਰੀਤ ਸਿੰਘ 71 ਅਤੇ ਇੰਦਰਜੀਤ ਕੌਰ 71 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਸਕੂਲ ਦਾ ਨਾਂ ਰੌਸ਼ਨ ਕੀਤਾ ਹੈ।ਸਕੂਲ ਦੇ ਚੇਅਰਮੈਨ ਸ਼੍ਰੀ ਜਿਵੇਸ਼ ਨੂੰ ਸਿੰਗਲਾ ਜੀ ਨੇ ਇਹਨਾਂ ਬੱਚਿਆਂ ਨੂੰ ਵਧਾਈਆਂ ਦਿੱਤੀਆਂ ਅਤੇ ਇਹਨਾਂ ਦੇ ਮਾਪਿਆਂ ਨੂੰ ਵੀ ਵਧਾਈ ਦਿੱਤੀ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਮੈਡਮ ਕਰਨ ਰਤਨ ਜੀ ਨੇ ਵੀ ਇਹਨਾਂ ਬੱਚਿਆਂ ਨੂੰ ਉਤਸਾਹਿਤ ਕੀਤਾ ਅਤੇ ਵਧਾਈ ਦਿੱਤੀ। ਸਮੂਹ ਸਟਾਫ ਵੱਲੋਂ ਇਹਨਾਂ ਬੱਚਿਆਂ ਨੂੰ ਵਧਾਈਆਂ ਦਿੱਤੀਆਂ। ਇਸ ਮੌਕੇ ਸਕੂਲ ਦੀ ਸਮੂਹ ਸਟਾਫ ਨੇ ਬੱਚਿਆਂ ਨੂੰ ਵਧਾਈ ਦਿੱਤੀ।

ਲੋਕ ਕਵੀ ਗੁਰਦਾਸ ਰਾਮ ਆਲਮ ਸਾਹਿਤ ਸਭਾ ਕਨੇਡਾ ਵਲੋਂ ਦਸਵਾਂ ਸਾਹਿਤਕ ਸੰਮੇਲਨ 18 ਮਈ ਨੂੰ

ਸਰੀ/ ਵੈਨਕੂਵਰ(ਕੁਲਦੀਪ ਚੁੰਬਰ)- ਲੋਕ ਕਵੀ ਗੁਰਦਾਸ ਰਾਮ ਆਲਮ ਸਾਹਿਤ ਸਭਾ ਕਨੇਡਾ ਵਲੋਂ ਦਸਵਾਂ ਸਾਹਿਤਕ ਸੰਮੇਲਨ ਸਧਾਰਨ ਲੋਕਾਂ ਦੇ ਮਹਾਨ ਕਵੀ ਗੁਰਦਾਸ ਰਾਮ ਆਲਮ ਦੀ ਨਿੱਘੀ ਯਾਦ ਨੂੰ ਸਮਰਪਿਤ 18 ਮਈ ਦਿਨ ਐਤਵਾਰ ਨੂੰ 1 ਵਜੇ ਤੋਂ 3 ਵਜੇ ਤੱਕ ਬਾਅਦ ਦੁਪਹਿਰ ਇੰਡੋ ਕਨੇਡੀਅਨ ਸੀਨੀਅਰ ਸੈਂਟਰ ਸਰੀ ਡੈਲਟਾ ਵਿਖੇ ਕਰਵਾਇਆ ਜਾ ਰਿਹਾ ਹੈ । ਇਸ ਸੰਮੇਲਨ ਲਈ ਮੋਹ ਭਰਿਆ ਨਿੱਘਾ ਸੱਦਾ ਪੱਤਰ ਜਾਰੀ ਕਰਦਿਆਂ ਉਡੀਕਵਾਨ ਪ੍ਰਿੰਸੀਪਲ ਮਲੂਕ ਚੰਦ ਕਲੇਰ ਸੰਸਥਾਪਕ , ਡਾਕਟਰ ਗੁਰਵਿੰਦਰ ਸਿੰਘ ਧਾਲੀਵਾਲ ਰੇਡੀਓ ਟੀਵੀ ਹੋਸਟ, ਕੋਡੀਨੇਟਰ ਪੰਜਾਬੀ ਸਾਹਿਤ ਸਭਾ ਮੁੱਢਲੀ ਐਬਟਸਫੋਰਡ, ਟੀ ਵੀ ਹੋਸਟ ਮਨਮੋਹਨ ਸਿੰਘ ਸਮਰਾ, ਡਾਕਟਰ ਤੇਜਵੀਰ ਸਿੰਘ ਸੰਧੂ ਤੇਜ ਵੀਰ ਟਾਕ ਚੈਨਲ ਵਾਲਿਆਂ ਨੇ ਸਾਰੇ ਹੀ ਕਵੀਆਂ ਸਾਹਿਤ ਪ੍ਰੇਮੀਆਂ ਨੂੰ ਇਸ ਸਮਾਗਮ ਵਿੱਚ

ਪੁੱਜਣ ਲਈ ਬੇਨਤੀ ਕੀਤੀ ਹੈ ਤਾਂ ਕਿ ਲੋਕ ਕਵੀ ਗੁਰਦਾਸ ਰਾਮ ਆਲਮ ਨੂੰ ਯਾਦ ਕਰਦਿਆਂ ਉਹਨਾਂ ਦੇ ਸਾਹਿਤਕ ਸਫ਼ਰ ਦੀ ਪੈੜ ਤੇ ਚੱਲਣ ਦਾ ਸੰਕਲਪ ਲਿਆ ਜਾ ਸਕੇ ।

ਤਰਕਸ਼ੀਲਾਂ ਦੀ ਹਾਜ਼ਰੀ ਵਿੱਚ ਪੱਥਰ ਤੈਰ ਨਾ ਸਕਿਆ: ਮਾਸਟਰ ਪਰਮਵੇਦ

ਡਾਕਟਰ ਅਵਤਾਰ ਸਿੰਘ ਨੇ ਪਾਣੀ ਵਿੱਚ ਵਸਤੂ ਦੇ ਤੈਰਨ ਦੇ ਸਿਧਾਂਤਾਂ ਦੀ ਵਿਗਿਆਨਕ ਵਿਆਖਿਆ ਕੀਤੀ

ਸੰਗਰੂਰ। ਕਈ ਸਾਲ ਪਹਿਲਾਂ ਦੀ ਗੱਲ ਹੈ ਕਿ ਸੰਗਰੂਰ ਸ਼ਹਿਰ ਸਮੇਤ ਆਲੇ - ਦੁਆਲੇ ਦੇ ਪਿੰਡਾਂ ਵਿੱਚ ਇਹ ਚਰਚਾ ਚੱਲ ਰਹੀ ਸੀ ਕਿ ਸੰਗਰੂਰ ਰੇਲਵੇ ਸਟੇਸ਼ਨ ਨੇੜੇ ਇੱਕ ਡੇਰੇ ਦੇ ਚਬੱਚੇ ਵਿੱਚ ਪੱਥਰ ਹੈ, ਜੋ ਪਾਣੀ ਵਿੱਚ ਤੈਰਦਾ ਰਹਿੰਦਾ ਹੈ, ਡੁੱਬਦਾ ਨਹੀਂ। ਇਹ ਗੱਲ ਚੱਲ ਰਹੀ ਸੀ ਕਿ ਇਸ ਪੱਥਰ ਉੱਤੇ ਜਦ ਬਾਬਾ ਸਮਾਧੀ ਲਾਉਂਦਾ ਹੈ ਤਾਂ ਵੀ ਪੱਥਰ ਡੁੱਬਦਾ ਨਹੀਂ। ਡੇਰੇ ਵਾਲੇ ਕਹਿ ਰਹੇ ਸਨ ਕਿ ਜਿਸ ਚਬੱਚੇ ਵਿੱਚ ਪੱਥਰ ਤੈਰਦਾ ਹੈ, ਉਸਦਾ ਪਾਣੀ ਪੀਣ 'ਤੇ ਦੁੱਖਾਂ ਤੋਂ ਛੁਟਕਾਰਾ ਮਿਲਦਾ ਹੈ , ਦੌਲਤ ਅਤੇ ਔਲਾਦ ਦੀ ਪ੍ਰਾਪਤੀ ਹੁੰਦੀ ਹੈ, ਬੀਮਾਰੀ ਕੱਟੀ ਜਾਂਦੀ ਹੈ ।ਹੋਰ ਵੀ ਬਹੁਤ ਕੁੱਝ ਪ੍ਰਾਪਤ ਹੋਣ ਬਾਰੇ ਕੰਨਾਂ ਵਿੱਚ ਪੈ ਰਿਹਾ ਸੀ।ਅਖੌਤੀ ਕਰਾਮਾਤੀ ਪੱਥਰ ਬਾਰੇ ਗੱਲਾਂ ਸੁਣ ਕੇ ਨਾ ਸਮਝ ਲੋਕਾਂ ਨੇ ਡੇਰੇ ਵਿੱਚ ਵੱਡੀ ਗਿਣਤੀ ਵਿੱਚ ਜਾਣਾ ਸ਼ੁਰੂ ਕਰ ਦਿੱਤਾ। ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਕੋਲ ਜਦ ਇਹ ਗੱਲ ਪਹੁੰਚੀ ਤਾਂ ਅਸੀਂ ਲੋਕਾਂ ਦਾ ਭੁਲੇਖਾ ਤੇ ਅੰਧ - ਵਿਸ਼ਵਾਸ ਦੂਰ ਕਰਨ ਦਾ ਫ਼ੈਸਲਾ ਕੀਤਾ। ਡਾ. ਅਵਤਾਰ ਸਿੰਘ ਢੀਂਡਸਾ, ਚਮਕੌਰ ਸਿੰਘ, ਲੈਕਚਰਾਰ ਕ੍ਰਿਸ਼ਨ ਸਿੰਘ, ਰਾਹੁਲ ਕੁਮਾਰ, ਨਿਰਮਲ ਸਿੰਘ ਉੱਪਲੀ , ਕੁਲਵੰਤ ਸਿੰਘ ਤੇ ਮੇਰੇ ਆਧਾਰਿਤ ਤਰਕਸ਼ੀਲ ਟੀਮ ਜਦੋਂ ਪੱਥਰ ਦੀ ਪੜਤਾਲ ਕਰਨ ਡੇਰੇ ਪਹੁੰਚੀ ਤਾਂ ਬਹੁਤ ਸਾਰੇ ਲੋਕ ਉੱਥੇ ਇਕੱਠੇ ਹੋਏ ਹੋਏ ਸਨ ਤੇ ਕਾਫ਼ੀ ਗਿਣਤੀ ਵਿੱਚ ਲੋਕ ਹੋਰ ਆ ਰਹੇ ਸਨ।ਤਰਕਸ਼ੀਲ ਟੀਮ ਨੇ ਜਦੋਂ ਇਸ ਤੈਰਦੇ ਪੱਥਰ ਬਾਰੇ ਲੋਕਾਂ ਦੇ ਵਿਚਾਰ ਲਏ ਤਾਂ ਕਈਆਂ ਨੇ, ਖ਼ਾਸ ਕਰਕੇ ਬਾਲਾ ਨਾਮ ਦੀ ਔਰਤ ਨੇ ਇਸ ਨੂੰ ਪਾਖੰਡ ਦੱਸਿਆ ਅਤੇ ਕਿਹਾ ਕਿ ਜੇ ਬਾਬਾ ਸਭ ਦੇ ਸਾਹਮਣੇ ਪੱਥਰ 'ਤੇ ਬੈਠ ਕੇ ਤੈਰ ਕੇ ਦਿਖਾਵੇ ਤਾਂ ਅਸੀਂ ਕਰਾਮਾਤੀ ਮੰਨਾਂਗੇ । ਪਰ ਬਾਬਾ ਪੱਥਰ ਤੇ ਬੈਠਣ ਨੂੰ ਤਿਆਰ ਨਾ ਹੋਇਆ।ਜਦੋਂ ਤਰਕਸ਼ੀਲ ਟੀਮ ਨੇ ਪੱਥਰ ਦੀ ਸਤਹਿ ਦੀ ਘੋਖ - ਪੜਤਾਲ ਕੀਤੀ ਤਾਂ ਇਹ ਤੱਥ ਸਾਹਮਣੇ ਆਇਆ ਕਿ ਇਸ ਦੀ ਸਤਹਿ ਪੱਧਰੀ ਨਹੀਂ ਸੀ ਸਗੋਂ ਇਹ ਖੁਰਦਰੀ ਸੀ। ਭਾਵ ਇਹ ਕਿ ਕਿਸੇ ਹਲਕੀ ਮੁਸਾਮਦਾਰ ਵਸਤੂ ਉੱਪਰ ਸੀਮਿੰਟ ਲਾ ਕੇ ਇਸ ਨੂੰ ਪੱਥਰ ਦਾ ਰੂਪ ਦੇਣ ਦੀ ਕੋਸ਼ਿਸ਼ ਕੀਤੀ ਗਈ ਸੀ।ਇਸ ਉਪਰ ਨਿੱਕੀਆਂ - ਨਿੱਕੀਆਂ ਖੁਰਦਰੀਆਂ ਬਣਤਰਾਂ ਸਨ ਜਿਸ ਵਿੱਚ ਹਵਾ ਭਰ ਜਾਂਦੀ ਹੈ ਤੇ ਇਸਦੀ ਘਣਤਾ/ਭਾਰਾਪਣ ਘਟ ਜਾਂਦਾ ਹੈ । ਪੱਥਰ ਦੀ ਸਤਹਿ ਇਸ ਗੱਲ ਦੀ ਪੁਸ਼ਟੀ ਕਰਦੀ ਸੀ ਕਿ ਇਹ ਕੋਈ ਪੁਰਾਤਨ ਪੱਥਰ ਨਹੀਂ, ਸਗੋਂ ਤਾਜ਼ਾ ਤਿਆਰ ਕੀਤਾ ਹੋਇਆ ਹੈ। ਇਸ ਤੋਂ ਬਾਅਦ ਜਦੋਂ ਤਰਕਸ਼ੀਲ ਟੀਮ ਨੇ ਬਾਬੇ ਨੂੰ ਇਸ ਪੱਥਰ ਉੱਤੇ ਬੈਠ ਕੇ ਤੈਰਨ ਲਈ ਕਿਹਾ ਤਾਂ ਉਸਨੇ ਆਪ ਬੈਠਣ ਦੀ ਥਾਂ ਕਿਸੇ ਹੋਰ ਨੂੰ ਬੈਠਣ ਲਈ ਕਿਹਾ। ਅਸੀਂ ਬਾਬੇ ਨੂੰ ਬਹੁਤ ਕਿਹਾ ਕਿ ਉਹ ਆਪਣੇ ਕਿਸੇ ਵੀ ਸਿਆਣੇ, ਚਮਤਕਾਰੀ ਵਿਅਕਤੀ ਨੂੰ ਪੱਥਰ ਤੇ ਬੈਠ ਕੇ ਦਿਖਾਵੇ ਜਿਹੜਾ ਇਸਨੂੰ ਡੁਬਣ ਨਾ ਦੇਵੇ। ਬਾਬਾ ਨਾ ਮੰਨਿਆ,ਸਹਿਮਤ ਨਾ ਹੋਇਆ।

ਤਰਕਸ਼ੀਲ ਟੀਮ ਨੇ ਕਿਸੇ ਵਸਤੂ ਦੀ ਤੈਰਨ ਦੀ ਵਿਗਿਆਨਕ ਵਿਆਖਿਆ ਲੋਕਾਂ ਨੂੰ ਸਮਝਾਉਣ ਲਈ ਤਲਵਿੰਦਰ ਸਿੰਘ ਨਾਮ ਦੇ ਲੜਕੇ ਨੂੰ ਤੈਰਦੇ ਪੱਥਰ 'ਤੇ ਬਿਠਾਇਆ ਤਾਂ ਤੈਰਦਾ ਪੱਥਰ ਇੱਕਦਮ ਡੁੱਬ ਗਿਆ ਤੇ ਉੱਪਰ ਨਾ ਆ ਸਕਿਆ। ਬਾਬੇ ਨੇ ਬਥੇਰੇ ਮੰਤਰ ਪੜ੍ਹੇ ਪਰ ਪੱਥਰ ਨੇ ਉੱਪਰ ਤਾਂ ਕੀ ਆਉਣਾ ਸੀ, ਬਾਬਾ ਆਪ ਹੀ ਉੱਥੋਂ ਖਿਸਕ ਗਿਆ।

ਇਸ ਤੋਂ ਬਾਅਦ ਤਰਕਸ਼ੀਲ ਟੀਮ ਨੇ ਇੱਕ ਹੋਰ ਬਾਬੇ ਨੂੰ, ਜਿਸ ਬਾਰੇ ਕਿਹਾ ਜਾਂਦਾ ਸੀ ਕਿ ਇਹ ਬਾਬਾ ਪੱਥਰ ਲੈ ਕੇ ਆਇਆ ਹੈ ਤੇ ਇਸ ਦੇ ਪੱਥਰ ਉੱਪਰ ਬੈਠਣ 'ਤੇ ਪੱਥਰ ਡੁੱਬਦਾ ਨਹੀਂ, ਨਾਲ ਗੱਲ ਕੀਤੀ ਤਾਂ ਉਸਨੇ ਕਿਹਾ ਅਜਿਹਾ ਨਹੀਂ ਹੋ ਸਕਦਾ।

ਤਾਂ ਮੈਂ ਮਾਸਟਰ ਪਰਮ ਵੇਦ ਨੇ ਮੌਕੇ ' ਤੇ ਹਾਜ਼ਰ ਲੋਕਾਂ ਨੂੰ ਲਾਈਲੱਗਤਾ, ਅੰਧਵਿਸ਼ਵਾਸ, ਵਹਿਮ - ਭਰਮ ਤੇ ਰੂੜੀਵਾਦੀ ਵਿਚਾਰਾਂ ਦੇ ਹਨ੍ਹੇਰੇ ਵਿਚੋਂ ਨਿਕਲ ਕੇ ਵਿਗਿਆਨਕ ਵਿਚਾਰਾਂ ਦੀ ਰੋਸ਼ਨੀ ਵਿੱਚ ਆਉਣ ਦਾ ਲਾਹੇਵੰਦ ਤੇ ਭਾਵਪੂਰਤ ਸੁਨੇਹਾ ਦਿੱਤਾ ਤੇ ਵਿਗਿਆਨਕ ਸੋਚ ਦੇ ਧਾਰਨੀ ਬਣਨ ਲਈ ਪ੍ਰੇਰਿਤ ਕੀਤਾ। ਮੈਂ ਲੋਕਾਂ ਨੂੰ ਦੱਸਿਆ ਕਿ ਦੁਨੀਆਂ ਵਿੱਚ ਚਮਤਕਾਰ ਨਾਮ ਦੀ ਕੋਈ ਚੀਜ਼ ਨਹੀਂ ਹੁੰਦੀ ਨਾ ਹੀ ਚਮਤਕਾਰ ਵਾਪਰਦੇ ਹਨ,ਇਥੇ ਘਟਨਾਵਾਂ ਵਾਪਰਦੀਆਂ ਹਨ,ਇਨ੍ਹਾਂ ਦੇ ਕਾਰਨ ਜਾਨਣਾ ਹੀ ਵਿਗਿਆਨਕ ਸੋਚ ਹੈ, ਤਰਕਸ਼ੀਲਤਾ ਹੈ। ਕੀ, , ਕਿਉਂ ,ਕਿਵੇਂ ਆਦਿ ਵਿਗਿਆਨਕ ਗੁਣਾਂ ਨਾਲ ਲੈਸ ਹੋਇਆ ਮਨੁੱਖ ਕਦੇ ਵੀ ਸਮੱਸਿਆਵਾਂ ਵਿੱਚ ਨਹੀਂ ਘਿਰਦਾ/ ਘਬਰਾਉਂਦਾ ਸਗੋਂ ਇਨ੍ਹਾਂ ਗੁਣਾਂ ਦੀ ਮਦਦ ਨਾਲ ਉਹ ਸਮੱਸਿਆ ਸਮੇਂ ਹੌਂਸਲਾ ਤੇ ਦ੍ਰਿੜਤਾ ਨਾਲ ਉਸ ਵਿਚੋਂ ਨਿਕਲਦਾ ਹੈ। ਇਸ ਤੈਰਦੇ ਪੱਥਰ ਦੀ ਵਿਗਿਆਨਕ ਵਿਆਖਿਆ ਕਰਦਿਆਂ ਤਰਕਸ਼ੀਲ ਆਗੂ ਡਾਕਟਰ ਅਵਤਾਰ ਸਿੰਘ ਢੀਂਡਸਾ ਨੇ ਦੱਸਿਆ ਕਿ ਕਿਸੇ ਵਸਤੂ ਦਾ ਪਾਣੀ ਉੱਪਰ ਤੈਰਨਾ ਆਰਕੇਮੀਡੀਜ਼ ਦੇ ਸਿਧਾਂਤ ਅਨੁਸਾਰ ਇਸ ਗਲ ਉੱਪਰ ਨਿਰਭਰ ਕਰਦਾ ਹੈ ਕਿ ਉਸ ਵਸਤੂ ਦਾ ਪੁੰਜ (ਭਾਰ) ਹਟਾਏ ਗਏ ਪਾਣੀ ਦੇ ਪੁੰਜ ਤੋਂ ਘੱਟ ਹੋਵੇ। ਜੇ ਹਟਾਏ ਗਏ ਪਾਣੀ ਦਾ ਭਾਰ ਵੱਧ ਹੋਵੇਗਾ ਤਾਂ ਵਸਤੂ ਤੈਰੇਗੀ ਜੇ ਹਟਾਏ ਗਏ ਪਾਣੀ ਦਾ ਭਾਰ ਘੱਟ ਹੋਵੇਗਾ ਤਾਂ ਵਸਤੂ ਡੁੱਬ ਜਾਵੇਗੀ।ਜਦੋਂ ਪੱਥਰ ਤੈਰਦਾ ਸੀ ਤਾਂ ਉਸ ਸਮੇਂ ਹਟਾਏ ਗਏ ਪਾਣੀ ਦਾ ਭਾਰ ਵੱਧ ਸੀ ਪਰ ਜਦੋਂ ਬੰਦਾ ਬੈਠ ਗਿਆ ਤਾਂ ਉਸ ਸਮੇਂ ਹਟਾਏ ਗਏ ਪਾਣੀ ਦਾ ਭਾਰ ਘਟਣ ਕਰਕੇ ਪੱਥਰ ਡੁੱਬ ਗਿਆ। ਪਾਣੀ ਵਿੱਚ ਸੂਈ ਦੇ ਡੁੱਬਣ, ਜਹਾਜ਼ ਦੇ ਪਾਣੀ ਵਿੱਚ ਤੈਰਨ ,ਸੁੱਕੀ ਲਕੜ ਦੇ ਤੈਰਨ ਤੇ ਗਿੱਲੀ ਲੱਕੜ ਦੇ ਪਾਣੀ ਵਿੱਚ ਡੁੱਬਣ ਦੀਆਂ ਉਦਾਹਰਣਾਂ ਨਾਲ ਵਿਆਖਿਆ ਕਰਦਿਆਂ/ ਸਮਝਾਉਂਦਿਆਂ ਲੋਕਾਂ ਦਾ ਵਹਿਮ ਦੂਰ ਕਰਦਿਆਂ ਵਿਗਿਆਨਕ ਵਿਚਾਰਾਂ ਦਾ ਛੱਟਾ ਦੇ ਕੇ ਅਸੀਂ ਡੇਰੇ ਤੋਂ ਵਾਪਸ ਮੁੜੇ ।

ਮਾਸਟਰ ਪਰਮਵੇਦ
ਜ਼ੋਨ ਜਥੇਬੰਦਕ ਮੁਖੀ
ਤਰਕਸ਼ੀਲ ਸੁਸਾਇਟੀ ਪੰਜਾਬ
ਅਫਸਰ ਕਲੋਨੀ ਸੰਗਰੂਰ
9417422349

ਜਰਖੜ ਖੇਡਾਂ - ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ 17 ਮਈ ਤੋਂ 8 ਜੂਨ ਤੱਕ

ਉਦਘਾਟਨੀ ਮੈਚ ਘਵੱਦੀ ਬਨਾਮ ਉਟਾਲਾ ਵਿਚਕਾਰ

ਲੁਧਿਆਣਾ (ਕਰਨੈਲ ਸਿੰਘ ਐੱਮ.ਏ.) ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਪਿੰਡ ਜਰਖੜ ਵੱਲੋਂ ਹਰ ਸਾਲ ਕਰਵਾਇਆ ਜਾਂਦਾ ਜਰਖੜ ਖੇਡਾਂ ਦੇ ਕੜੀ ਦਾ ਹਿੱਸਾ 15ਵਾਂ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਹੁਣ 17 ਮਈ ਤੋਂ 8 ਜੂਨ ਤੱਕ ਜਰਖੜ ਸਟੇਡੀਅਮ ਵਿਖੇ ਹੋਵੇਗਾ ।

ਇਸ ਫੈਸਟੀਵਲ ਦੇ ਹਾਕੀ ਮੁਕਾਬਲੇ ਹਫਤਾਵਰੀ ਹਰ ਸ਼ਨੀਵਾਰ ਅਤੇ ਐਤਵਾਰ ਨੂੰ ਸ਼ਾਮ 5 ਵਜੇ ਤੋਂ ਲੈ ਕੇ ਰਾਤ 8 ਵਜੇ ਤੱਕ ਫਲੱਡ ਲਾਈਟਾਂ ਦੀ ਰੋਸ਼ਨੀ ਵਿੱਚ ਨੀਲੇ ਰੰਗ ਦੀ ਐਸਟ੍ਰੋਟਰਫ ਮੈਦਾਨ ਉੱਤੇ ਖੇਡੇ ਜਾਣਗੇ । 17 ਮਈ ਨੂੰ ਟੂਰਨਾਮੈਂਟ ਦਾ ਉਦਘਾਟਨੀ ਸਮਾਰੋਹ ਹੋਵੇਗਾ ।

ਜਰਖੜ ਖੇਡਾਂ ਦੇ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ, ਮੁਖ ਪ੍ਰਬੰਧਕ, ਪ੍ਰਧਾਨ ਐਡਵੋਕੇਟ ਹਰਕਮਲ ਸਿੰਘ ਜਰਖੜ, ਅਕੈਡਮੀ ਦੇ ਤਕਨੀਕੀ ਡਾਇਰੈਕਟਰ ਨਰਾਇਣ ਸਿੰਘ ਗਰੇਵਾਲ ਨੇ ਦੱਸਿਆ ਕਿ ਓਲੰਪੀਅਨ ਪ੍ਰਿਥੀਪਾਲ ਹਾਕੀ ਫੈਸਟੀਵਲ ਦੇ ਵਿੱਚ ਸੀਨੀਅਰ ਵਰਗ ਦੇ ਵਿੱਚ 8 ਟੀਮਾਂ ਜਿਨਾਂ ਵਿੱਚ ਪੂਲ ਏ ਵਿੱਚ ਵਰਤਮਾਨ ਚੈਂਪੀਅਨ ਟੀਮ ਡਾਕਟਰ ਕੁਲਦੀਪ ਸਿੰਘ ਕਲੱਬ ਮੋਗਾ, ਨਨਕਾਣਾ ਸਾਹਿਬ ਸੈਂਟਰ ਅਮਰਗੜ੍ਹ, ਗਿੱਲ ਕਲੱਬ ਘਵੱਦੀ ਅਤੇ ਯੰਗ ਕਲੱਬ ਉਟਾਲਾ ਰੱਖਿਆ ਗਿਆ ਹੈ। ਪੂਲ ਬੀ ਵਿੱਚ ਉੱਪ ਜੇਤੂ ਨੀਟਾ ਕਲੱਬ ਰਾਮਪੁਰ, ਕਿਲਾ ਰਾਏਪੁਰ ਕਲੱਬ, ਸੰਤ ਕਿਰਪਾਲ ਦਾਸ ਕਲੱਬ ਹੇਰਾਂ, ਮੇਜਬਾਨ ਜਰਖੜ ਹਾਕੀ ਅਕੈਡਮੀ ਨੂੰ ਰੱਖਿਆ ਗਿਆ ਹੈ ਜਦਕਿ ਜੂਨੀਅਰ ਵਰਗ (1-1-2011 ਤੋਂ ਬਾਅਦ ਦੇ ਜਨਮੇ ਖਿਡਾਰੀ) ਤੇ ਅਧਾਰਤ ਟੀਮਾਂ ਵਿੱਚ ਅਮਰਗੜ੍ਹ ਹਾਕੀ ਸੈਂਟਰ, ਗੁਰੂ ਤੇਗ ਬਹਾਦਰ ਅਕੈਡਮੀ ਚਚਰਾੜੀ, ਕਿਲ੍ਹਾ ਰਾਇਪੁਰ ਹਾਕੀ ਸੈਂਟਰ , ਘਵੱਦੀ ਸਕੂਲ, ਐਚ ਟੀ ਸੀ ਰਾਮਪੁਰਾ ਸੈਂਟਰ, ਏਕ ਨੂਰ ਅਕੈਡਮੀ ਤੇਹਿੰਗ, ਰਾਣਾ ਅਕੈਡਮੀ ਹੁਸ਼ਿਆਰਪੁਰ, ਜਰਖੜ ਹਾਕੀ ਅਕੈਡਮੀ ਹਿੱਸਾ ਲੈਣਗੀਆਂ ।

ਟੂਰਨਾਮੈਂਟ ਲੀਗ ਕਮ ਨਾਕ ਆਉਟ ਦੇ ਅਧਾਰ ਤੇ ਖੇਡਿਆ ਜਾਵੇਗਾ। ਟੂਰਨਾਮੈਂਟ ਦਾ ਉਦਘਾਟਨੀ ਮੈਚ ਯੰਗ ਕਲੱਬ ਉਟਾਲਾ ਅਤੇ ਗਿੱਲ ਕਲੱਬ ਘਵੱਦੀ ਵਿਚਕਾਰ ਸ਼ਾਮ 7 ਵਜੇ ਖੇਡਿਆ ਜਾਵੇਗਾ ਜਦਕਿ ਦੂਸਰਾ ਸੀਨੀਅਰ ਵਰਗ ਦਾ ਮੈਚ ਡਾਕਟਰ ਕੁਲਦੀਪ ਸਿੰਘ ਕਲੱਬ ਮੋਗਾ ਅਤੇ ਸੈਂਟਰ ਅਮਰਗੜ੍ਹ ਦੇ ਵਿਚਕਾਰ ਰਾਤ 8 ਵਜੇ ਖੇਡਿਆ ਜਾਵੇਗਾ। ਜਦ ਕਿ ਜੂਨੀਅਰ ਵਰਗ ਦਾ ਪਹਿਲਾ ਮੈਚ ਵੀ ਰਾਣਾ ਅਕੈਡਮੀ ਹੁਸ਼ਿਆਰਪੁਰ ਬਨਾਮ ਘਵੱਦੀ ਸਕੂਲ ਵਿਚਕਾਰ ਸ਼ਾਮ 5 ਵਜੇ, ਏਕ ਨੂਰ ਅਕੈਡਮੀ ਤੇਹਿੰਗ ਬਨਾਮ ਅਮਰਗੜ੍ਹ ਹਾਕੀ ਸੈਂਟਰ ਵਿਚਕਾਰ ਸ਼ਾਮ 6 ਵਜੇ ਖੇਡਿਆ ਜਾਵੇਗਾ।

ਸੀਨੀਅਰ ਵਰਗ ਦੀ ਚੈਂਪੀਅਨ ਟੀਮ ਨੂੰ 60 ਹਜ਼ਾਰ ਰੁਪਏ ਦੀ ਇਨਾਮੀ ਰਾਸ਼ੀ, ਓਲੰਪੀਅਨ ਪ੍ਰਿਥੀਪਾਲ ਸਿੰਘ ਰਨਿੰਗ ਹਾਕੀ ਟਰਾਫੀ ਅਤੇ ਸਰਵੋਤਮ ਖਿਡਾਰੀਆਂ ਨੂੰ ਟਾਪ ਕਲਾਸ ਸਾਈਕਲਾਂ ਨਾਲ ਸਨਮਾਨਿਤ ਕੀਤਾ ਜਾਵੇਗਾ । ਜਦ ਕਿ ਉਪ ਜੇਤੂ ਟੀਮ ਨੂੰ 40 ਹਜਾਰ ਰੁਪਏ ਦੀ ਇਨਾਮੀ ਰਾਸ਼ੀ ਅਤੇ ਤੀਸਰੇ ਨੰਬਰ ਤੇ ਆਉਣ ਵਾਲੇ ਟੀਮ ਨੂੰ 20 ਹਜਾਰ ਰੁਪਏ, ਚੌਥੇ ਨੰਬਰ ਤੇ ਆਉਣ ਵਾਲੀ ਟੀਮ ਨੂੰ 15 ਹਜ਼ਾਰ ਨਾਲ ਸਨਮਾਨਿਤ ਕੀਤਾ ਜਾਵੇਗਾ । ਇਸ ਤੋਂ ਇਲਾਵਾ ਕੁਆਰਟਰ ਫਾਈਨਲ ਵਿੱਚ ਪੁੱਜਣ ਵਾਲੀਆਂ ਟੀਮਾਂ ਨੂੰ 6-6 ਹਜ਼ਾਰ ਰੁਪਏ ਦਾ ਇਨਾਮ ਦਿੱਤਾ ਜਾਵੇਗਾ । ਸੀਨੀਅਰ ਟੀਮਾਂ ਦੀ ਐਂਟਰੀ ਫੀਸ ਪ੍ਰਤੀ ਟੀਮ 3000 ਹੋਵੇਗੀ। ਸੀਨੀਅਰ ਵਰਗ ਦੀਆਂ ਜੇਤੂ ਟੀਮਾਂ ਨੂੰ ਇੱਕ ਲੱਖ ਰੁਪਏ ਦੀ ਰਾਸ਼ੀ ਵਾਲਾ ਇਨਾਮ ਸਾਬਕਾ ਸਰਪੰਚ ਦੁਪਿੰਦਰ ਸਿੰਘ ਡਿੰਪੀ ਵੱਲੋਂ ਦਿੱਤਾ ਜਾਵੇਗਾ।ਸਬ ਜੂਨੀਅਰ ਵਰਗ ਦੀ ਜੇਤੂ ਟੀਮ ਨੂੰ ਜੇਤੂ ਰੰਨਿੰਗ ਟਰਾਫੀ ਅਤੇ 21000 ਰੁਪਏ ਦੀ ਇਨਾਮੀ ਰਾਸ਼ੀ, ਉਪ ਜੇਤੂ ਟੀਮ ਨੂੰ 15 ਹਜਾਰ, ਤੀਸਰੇ ਨੰਬਰ ਤੇ ਆਉਣ ਵਾਲੇ ਟਾਈਮ ਨੂੰ 10 ਹਜ਼ਾਰ ਅਤੇ ਚੌਥੇ ਨੰਬਰ ਤੇ ਆਉਣ ਵਾਲੀ ਟੀਮ ਨੂੰ 8 ਹਜ਼ਾਰ ਰੁਪਏ ਨਾਲ ਸਨਮਾਨਿਤ ਕੀਤਾ ਜਾਵੇਗਾ। ਟੂਰਨਾਮੈਂਟ ਦਾ ਉਦਘਾਟਨ ਹਲਕਾ ਵਿਧਾਇਕ ਜੀਵਨ ਸਿੰਘ ਸੰਗੋਵਾਲ 17 ਮਈ ਨੂੰ ਸ਼ਾਮ 7 ਵਜੇ ਕਰਨਗੇ ।

ਰੁਲ਼ਦੂ ਦੀ ਰੀਸ

ਕੋਈ ਗੱਲ ਕਦੇ ਨਾ ਰਹਿੰਦੀ ਵਿੱਚ ਵਿਚਾਲ਼ੇ ਰੁਲ਼ਦੂ ਦੀ ।
ਤੈਂ ਵੇਖੀ ਨਈਓਂ ਕਾਹਲ਼ੀ , ਬਹੁਤੇ ਕਾਹਲ਼ੇ ਰੁਲ਼ਦੂ ਦੀ ।
ਤੂੰ ਆਪਣੀ ਚਾਲੇ ਚੱਲ ਨਹੀਂ ਲੱਤ ਬਾਂਹ ਤੁੜਵਾ 'ਲੇਂਗਾ ;
ਤੈਥੋਂ ਰੀਸ ਨਾ ਹੋਣੀਂ ਪਿੰਡ ਰੰਚਣਾਂ ਵਾਲ਼ੇ ਰੁਲ਼ਦੂ ਦੀ ।

ਮੂਲ ਚੰਦ ਸ਼ਰਮਾ
ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ।
9914836037

ਗ਼ਜ਼ਲ



ਛੰਦਾਂ-ਰਾਗਾਂ ਨਾਲ ਸ਼ਿੰਗਾਰੀ, ਮਾਂ ਬੋਲੀ ਪੰਜਾਬੀ।
ਸਾਨੂੰ ਸਾਹਾਂ ਤੋਂ ਵੀ ਪਿਆਰੀ, ਮਾਂ ਬੋਲੀ ਪੰਜਾਬੀ।
ਪੌਣਾਂ ਵਿੱਚ ਸੁਗੰਧਾਂ ਘੋਲੇ, ਮਿਸਰੀ ਤੋਂ ਵੱਧ ਮਿੱਠੀ,
ਰਣਭੂਮੀ ਵਿੱਚ ਖ਼ੂਬ ਕਰਾਰੀ, ਮਾਂ ਬੋਲੀ ਪੰਜਾਬੀ।
ਰੱਬੀ ਬਾਣੀ ਬਣ ਕੇ ਕਰਦੀ ਦੂਰ ਮਨਾਂ ਦੇ ਨ੍ਹੇਰੇ,
ਨਾਨਕ, ਬੁੱਲ੍ਹੇ ਨੇ ਸਤਿਕਾਰੀ, ਮਾਂ ਬੋਲੀ ਪੰਜਾਬੀ।
ਹਰ ਬੋਲੀ ਹੀ ਸਿੱਖੋ, ਕੋਈ ਮਾੜੀ ਗੱਲ ਨਹੀਂ ਹੈ,
ਜੇ ਨਾ ਹੋਵੇ ਮਨੋਂ ਵਿਸਾਰੀ, ਮਾਂ ਬੋਲੀ ਪੰਜਾਬੀ।
ਚਾਰ ਜਮਾਤਾਂ ਪੜ੍ਹ ਜਾਵੇ ਜੋ, ਬੋਲਣ ਤੋਂ ਹੀ ਸੰਗੇ,
ਏਸ ਬਿਮਾਰੀ ਨੇ ਹੈ ਮਾਰੀ, ਮਾਂ ਬੋਲੀ ਪੰਜਾਬੀ।
ਚੁੱਪ-ਚੁਪੀਤੇ ਹੀ ਬਣ ਬੈਠੀ, ਅੰਗਰੇਜ਼ੀ ਪਟਰਾਣੀ,
ਭੋਗੇ ਹਾਕਮ ਦੀ ਹੁਸ਼ਿਆਰੀ, ਮਾਂ ਬੋਲੀ ਪੰਜਾਬੀ।
ਪੈਰਾਂ ਵਿੱਚ ਰੁਲੇ ਨਾ ਏਦਾਂ, ਸਿਰ ਦਾ ਤਾਜ਼ ਬਣਾਓ,
'ਜ਼ਖ਼ਮੀ' ਫੇਰ ਕਰੇ ਸਰਦਾਰੀ, ਮਾਂ ਬੋਲੀ ਪੰਜਾਬੀ।

ਕਰਮ ਸਿੰਘ ਜ਼ਖ਼ਮੀ
ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:)
ਸੰਪਰਕ: 98146-28027

ਮਿੱਠੀਆਂ ਉਲ਼ਝਣਾਂ

ਉਹ ਮਿੱਠੀਆਂ ਉਲ਼ਝਣਾਂ,
ਸੁਲ਼ਝਾਉਣ ਦਾ ਆਦੀ ਨਹੀਂ ਹੈ
ਤੇ ਮੈਨੂੰ ਸੋਚ ਕੇ ਨਾਂਹ ਕਰਨ ਦੀ,
ਵਾਦੀ ਨਹੀਂ ਹੈ।

ਉਹਦੀ ਕਨਸੋ ਜਿਹੀ,
ਕੋਹ-ਕਾਫ਼ ਤੋਂ ਅੱਗੇ ਪਈ ਏ।
ਜੀ, ਮੇਰੀ ਧੌਣ ਜਿਸ ਦੀ ਜ਼ਾਤ 'ਤੇ,
ਝੁਕਦੀ ਰਹੀ ਏ।

ਉਹ ਆਪਣਾ ਥਹੁ-ਟਿਕਾਣਾ,
ਇਸ ਤਰ੍ਹਾਂ ਸਮਝਾ ਗਿਆ ਏ।
ਕਿ ਸੱਜੇ ਹੱਥ ਦੇ ਪੋਟੇ 'ਤੇ,
ਕਿਬਲਾ ਵਾਹ ਗਿਆ ਏ।

ਜ਼ਬਰਦਸਤੀ ਹੀ ਉਸ ਦੇ,
ਇਸ਼ਕ ਦੇ ਵਿੱਚ ਪੈ ਗਏ ਨੇ।
ਮੇਰੇ ਸਾਹਾਂ ਦੀ ਤਸਬੀ ਵਿੱਚ,
ਜੋ ਮਣਕੇ ਰਹਿ ਗਏ ਨੇ।

ਕੋਲ਼ ਦਰਗਾਹ ਦੇ ਅੱਜ,
ਘੁੰਗਰੂ ਕੋਈ ਛਣਕਾ ਗਿਆ ਏ।
ਇਨਾਇਤ ਸ਼ਾਹ ਨੂੰ ਫਿਰ,
ਬੁੱਲ੍ਹੇ ਦਾ ਚੇਤਾ ਆ ਗਿਆ ਏ।

ਮੈਂ ਤੇਰੀ ਹਾਕ ਦੀ ਆਜ਼ਾਨ,
ਸੁਣ ਕੇ ਬੋਲਣਾ ਏ।
ਤੇ ਰੋਜ਼ਾ ਇਸ਼ਕ ਦਾ,
ਸਦੀਆਂ ਦੇ ਮਗਰੋਂ ਖੋਲ੍ਹਣਾ ਏ।

ਜੋ ਮੈਨੂੰ ਦਸਮ ਦਰ ਦੀ,
ਧੁਨ ਸੁਣਾਈ ਜਾ ਰਹੀ ਏ।
ਮੇਰੇ ਮਨ ਦੇ ਪਸ਼ੂ ਨੂੰ,
ਨੱਥ ਪਾਈ ਜਾ ਰਹੀ ਏ।

ਅਜੇ ਆਕਾਰ ਦੇ ਵਿੱਚ,
ਢਾਲ਼ਦਾ ਹੈ ਰੀਝ ਲਾ ਕੇ।
ਉਡੀਕੂ ਮਰਹਲਾ ਪੈਰਾਂ ਨੂੰ,
ਇੱਕ ਦਿਨ ਨੀਝ ਲਾ ਕੇ।

ਵੁਜੂ ਤਾਂ ਹਿਜਰ ਦੇ ਪਾਣੀ ਹੀ,
ਕਰਨਾ ਪੈ ਗਿਆ ਸੀ।
ਮੇਰਾ ਫਿਰ ਜਾਮ-ਏ-ਜ਼ਮਜ਼ਮ ਦਾ,
ਭੁਲੇਖਾ ਲਹਿ ਗਿਆ ਸੀ।

ਸੁਣੋ, ਐ ਸ਼ੇਖ਼! ਮੇਰੇ ਇਸ਼ਕ ਨੂੰ,
ਮਾੜਾ ਨਾ ਬੋਲੋ।
ਪੜ੍ਹਾ ਕੇ ਇਲਮ ਮੇਰੀ,
ਭਟਕਣਾ ਦੇ ਰਾਹ ਨਾ ਖੋਲ੍ਹੋ।

ਅਲਿਫ਼ ਤੋਂ ਬੈਠਣਾ, ਉੱਠਣਾ,
ਤੇ ਮੈਂ ਸਿੱਖਿਆ ਖਲੋਣਾ।
ਮੇਰੇ ਤੇ ਮੀਮ-ਮੁਰਸ਼ਿਦ ਵਿੱਚ,
ਹੁਣ ਪਰਦਾ ਨੀ ਹੋਣਾ।

ਜਿਨ੍ਹਾਂ ਨੇ ਲਾ ਲਿਆ ਸੀ,
ਏਸ ਦੇ ਬੂਹੇ 'ਤੇ ਠਾਣਾ।
ਕਿਸੇ ਬਾਬਰ ਤੇ ਖ਼ਿਲਜੀ ਦਾ,
ਨਾ ਲੱਭਾ ਥਾਂ-ਟਿਕਾਣਾ।

ਬੁਖ਼ਾਰੇ ਤੇ ਹਜ਼ਾਰੇ,
ਏਸ ਨੇ ਨਿਗ਼ਲ਼ੇ ਸਬੂਤੇ।
ਕਈ ਹਾਸ਼ਮ ਤੇ ਵਾਰਿਸ,
ਏਸ ਵਿੱਚ ਉਲ਼ਝੇ ਕਸੂਤੇ।

ਨਹੀਂ ਜੀ, ਹੁਣ ਨਹੀਂ!
ਇਸ ਚੋਰ ਦੇ ਝਾਂਸੇ 'ਚ ਆਉਣਾ।
ਮਸਾਂ ਦਮ ਮਾਰ ਕੇ,
ਯਾਦਾਂ ਦਾ ਹੈ ਮਲ਼ਬਾ ਚੁਕਾਉਣਾ।

ਰਿਤੂ ਵਾਸੁਦੇਵ

ਦੋਗਲੇ ਜਿਹੇ ਬੰਦੇ

ਬੰਦੇ ਕਈ ਚੱਕਵੇਂ ਤੇ ਦੋਗਲੇ ਸੁਭਾਅ ਦੇ ਦੇਖੇ
ਪਲ਼ ਪਲ਼ ਜੋ ਬਦਲਣ ਉਸ ਭਾਅ ਦੇ ਦੇਖੇ।
ਯਾਰੀਆਂ ਨਿਭਦੀਆਂ ਛੱਡ ਕੇ ਆਕੜਾਂ ਨੂੰ
ਮੈਂ ਪਿੱਠ ਪਿੱਛੇ ਭੰਡ,ਪਾਉਂਦੇ ਗਾਹ ਕਈ ਦੇਖੇ।
ਕਹਿਣਗੇ ਖੜਾਂਗੇ ਨਾਲ ਤੇਰੇ ਅਖੀਰ ਤੀਕਰ
ਤੁਰੇ ਜਾਂਦੇ ਛੱਡ ਅੱਧ ਵਿਚਕਾਰੇ ਰਾਹ ਦੇ ਦੇਖੇ।
ਕਰਨਗੇ ਸਤਸੰਗ ਖੂਬ ਵਿੱਚ ਮਹਿਫ਼ਲਾਂ ਦੇ
ਡੱਕਾਰ ਲੈਂਦੇ ਨਾ,ਬੇਗਾਨਾ ਹੱਕ ਖਾਹ ਕੇ ਦੇਖੇ।
ਗੁੱਸਾ ਬਿਨਾ ਗੱਲ ਤੋਂ ਨੱਕ ਚੜ੍ਹਦਾ ਇਹਨਾ ਦੇ
ਦੋਗਲੇ ਜਿਹੇ ਬੰਦੇ ,ਹੱਸਦੇ ਮੂੰਹ ਘੁੰਮਾ ਕੇ ਦੇਖੇ।
ਕਹਿਣਗੇ ਖੜਾਂਗੇ ਨਾਲ ਤੇਰੇ ਅਖੀਰ ਤੀਕਰ
ਤੁਰੇ ਜਾਂਦੇ ਛੱਡ ਅੱਧ ਵਿਚਕਾਰੇ ਰਾਹ ਦੇ ਦੇਖੇ।
ਗੱਲਾਂ ਵੱਧ ਤੇ ਅਮਲਾਂ ਵਿੱਚ ਸੁਆਹ ਦੇ ਬੰਦੇ
ਕੱਢ ਨਗੋਚਾਂ ਦੂਜਿਆਂ ਦਾ ਮਨ ਢਾਹੁੰਦੇ ਦੇਖੇ।
ਜਿਸ ਤੋਂ ਲੋੜ ਹੋਵੇ ਬੱਸ ਓਹਦੇ ਗਾਉਂਦੇ ਸੋਹਲ਼ੇ
ਗਰੀਬ ਬੰਦੇ ਨੂੰ ਨਹੀਂ ਇਹ ਮੂੰਹ ਲਾਉਂਦੇ ਦੇਖੇ।
ਕਹਿਣਗੇ ਖੜਾਂਗੇ ਨਾਲ ਤੇਰੇ ਅਖੀਰ ਤੀਕਰ
ਤੁਰੇ ਜਾਂਦੇ ਛੱਡ ਅੱਧ ਵਿਚਕਾਰੇ ਰਾਹ ਦੇ ਦੇਖੇ।
ਕਰਨ ਚੁਗਲੀਆਂ,ਲਿੱਖਣ ਯੋਗੇ ਫੇਸਬੁੱਕ ਉੱਤੇ
ਸਾਹਮਣੇ ਖੜ੍ਹਨ ਵਾਲੇ ਨਹੀਂ ਕਿਰਦਾਰ ਦੇ ਦੇਖੇ।
ਕਰੇ ਤੌਬਾ 'ਗੜ੍ਹੀ ' ਇਹੋ ਜਿਹੀਆਂ ਯਾਰੀਆਂ ਤੋਂ,
ਦੇਵੇ ਜਾਨ ਵਾਰ ਉਨ੍ਹਾਂ ਤੋਂ,ਜੋ ਪੱਕੇ ਜ਼ੁਬਾਂ ਦੇ ਦੇਖੇ।
ਕਹਿਣਗੇ ਖੜਾਂਗੇ ਨਾਲ ਤੇਰੇ ਅਖੀਰ ਤੀਕਰ
ਤੁਰੇ ਜਾਂਦੇ ਛੱਡ ਅੱਧ ਵਿਚਕਾਰੇ ਰਾਹ ਦੇ ਦੇਖੇ।

ਅਸਲੇਸ਼ ਕੁਮਾਰ ਕੁਮਾਰ
ਪੁਲਿਸ ਮੁਖੀ ਨਿਊਜ਼ੀਲੈਂਡ



ਸਿਰਲੇਖ: ਮੇਰੀ ਕਹਾਣੀ - ਰੋੜ੍ਹ ਤੋਂ ਕਰੋੜਪਤੀ ਬਣਨ ਦੀ (ਭਾਗ-5)

ਕਹਾਣੀ ਜੋੜਨ ਲਈ ਪਿਛਲਾ ਅੰਕ ਦੇਖੋ

ਮੈਂ ਦੁਬਾਰਾ ਨਿਊਜ਼ੀਲੈਂਡ ਜਾਣ ਵਾਸਤੇ ਕੋਸ਼ਿਸ਼ ਕਰਨੀ ਚਾਹੁੰਦਾ ਸੀ ਲ ਉਹ ਵੀ ਬਹੁਤ ਘੱਟ ਪੈਸਿਆਂ ਵਿੱਚ ਲ ਮੈਨੂੰ ਪਤਾ ਸੀ ਕਿ ਨਿਊਜ਼ੀਲੈਂਡ ਤੋਂ ਡਿਪੋਰਟ ਕੀਤੇ ਵਿਅਕਤੀ ਨੂੰ ਇਮੀਗ੍ਰੇਸ਼ਨ ਨਿਊਜ਼ੀਲੈਂਡ ਵਿੱਚ ਜਾਣ ਦੀ ਦੁਬਾਰਾ ਇਜ਼ਾਜਤ ਨਹੀਂ ਦਿੰਦੀ ਪਰ ਫਿਰ ਵੀ ਨਾ ਮੁਮਕਿਨ ਨੂੰ ਮੁਮਕਿਨ ਕਰਨਾ ਚਾਹੁੰਦਾ ਸੀ ਲ ਮੇਰੇ ਤੇ 5 ਸਾਲਾ ਪਬੰਦੀ ਹੋਣ ਦੇ ਬਾਵਜੂਦ ਮੇਰਾ ਹੌਂਸਲਾ ਬੁਲੰਦ ਸੀ ਲ ਕੀਵੀਫਰੂਟ ਕੰਪਨੀ ਨੇ ਮੈਨੂੰ ਸੱਦਣ ਲਈ ਵਕੀਲ ਕਰਨ ਵਾਸਤੇ ਪੁੱਛਿਆ ਲ ਮੁਲਕ ਦਾ ਸਭ ਤੋਂ ਮਹਿੰਗਾ ਵਕੀਲ ਕਹਿੰਦਾ ਕਿ ਦਸ ਹਜ਼ਾਰ ਡਾਲਰ ਲੱਗੇਗਾ ਪਰ ਕੰਮ ਬਣਨ ਦਾ ਚਾਨਸ ਸਿਰਫ 10% ਹੀ ਹੈ ਲ ਸੰਨ 1999 ਵਿੱਚ ਦਸ ਹਜ਼ਾਰ ਬਹੁਤ ਵੱਡੀ ਰਕਮ ਸੀ ਲ ਮਾਲਕ ਨੇ ਮੈਨੂੰ ਫੋਨ ਤੇ ਇਹ ਗੱਲ ਦੱਸੀ ਲ ਮਾਲਕ ਕਹਿਣ ਲੱਗਾ ਕਿ ਪੈਸੇ ਤਾਂ ਮੈਂ ਖਰਚ ਦਿਆਂਗਾ ਪਰ ਚਾਨਸ ਸਿਰਫ ਦਸ ਪ੍ਰਤੀਸ਼ਤ ਹੈ ਲ ਮੈਂ ਕਿਹਾ ਕਿ ਕੇਸ ਇਮੀਗ੍ਰੇਸ਼ਨ ਵਿੱਚ ਆਪ ਹੀ ਲਗਾ ਦਿੰਦੇ ਹਾਂ ਲ ਕੇਸ ਲਗਾਵਾਂਗੇ ਵੀ 100% ਚਾਨਸ ਬਣਾ ਕੇ ਲ ਮਾਲਕ ਕਹਿਣ ਲੱਗਾ ਕਿ ਮੈਂ ਤਾਂ ਇਹ ਕੰਮ ਕਦੇ ਕੀਤਾ ਨਹੀਂ ਪਰ ਜੋ ਕਾਗਜ਼ ਤੂੰ ਕਹੇਂਗਾ ਮੈਂ ਉਹ ਬਣਾ ਦਿਆਂਗਾ ਲ ਜੋ ਜੋ ਕਾਗਜ਼ ਮੈਂ ਉਸ ਨੂੰ ਕਹੇ ਉਨ੍ਹਾਂ ਨੂੰ ਬਣਨ ਵਾਸਤੇ ਤਕਰੀਬਨ 3 ਮਹੀਨੇ ਤੋਂ ਵੱਧ ਸਮਾਂ ਲੱਗਿਆ ਕਿਉਂਕਿ ਉਹ ਕਾਗਜ਼ ਵੱਖ ਵੱਖ ਵਿਅਕਤੀਆਂ ਅਤੇ ਸ਼ਹਿਰਾਂ ਤੋਂ ਇਕੱਠੇ ਕਰਨੇ ਸਨ ਲ ਕੀਵੀਫਰੂਟ ਕੰਪਨੀ ਨੇ ਸਭ ਤੋਂ ਪਹਿਲਾਂ ਸਰਕਾਰ ਨੂੰ ਕਿਹਾ ਕਿ ਅਵਤਾਰ ਦੀ ਜਗ੍ਹਾ ਉਸ ਵਰਗਾ ਕੰਮ ਕਰਨ ਵਾਸਤੇ ਮੈਨੇਜਰ ਦਿਓ ਲ ਉਨ੍ਹਾਂ ਨੂੰ ਸਰਕਾਰ ਮੇਰੀ ਜਗ੍ਹਾ ਕੋਈ ਵੀ ਕਾਮਾ ਭਾਲ ਕੇ ਨਾ ਦੇ ਸਕੀ ਜੋ ਮੇਰੇ ਵਾਂਗ ਕੰਮ ਕਰ ਸਕਦਾ ਹੋਵੇ ਲ ਮੈਂ ਤਿੰਨ ਭਾਸ਼ਾ ਬੋਲਦਾ ਸੀ ਜਿਸ ਕਰਕੇ ਗੋਰੇ ਤਾਂ ਵੈਸੇ ਵੀ ਮੇਰਾ ਮੁਕਾਬਲਾ ਨਹੀਂ ਕਰ ਸਕਦੇ ਸੀ ਲ ਮਜ਼ਬੂਰ ਹੋ ਕੇ ਨਿਊਜ਼ੀਲੈਂਡ ਇਮੀਗ੍ਰੇਸ਼ਨ ਮਨਿਸਟਰ ਨੇ ਮੇਰਾ 5 ਸਾਲਾ ਬੈਨ ਕੈਂਸਲ ਕਰ ਦਿੱਤਾ ਅਤੇ ਮੈਨੂੰ ਵਰਕ ਪਰਮਿਟ ਦੇ ਕੇ ਸਿਰਫ ਡਿਪੋਰਟ ਹੋਣ ਤੋਂ 4 ਮਹੀਨੇ ਬਾਦ ਹੀ ਨਿਊਜ਼ੀਲੈਂਡ ਵਾਪਿਸ ਬੁਲਾ ਲਿਆ ਲ ਮੈਂ ਮਾਰਚ 2000 ਵਿੱਚ ਦੁਬਾਰਾ ਨਿਊਜ਼ੀਲੈਂਡ ਪਹੁੰਚ ਗਿਆ ਲ ਮੇਰੀ ਇਮੀਗ੍ਰੇਸ਼ਨ ਫਾਈਲ ਨੂੰ ਉਸ ਵੇਲੇ ਦਾ ਡਿਪਟੀ ਪ੍ਰਾਇਮ ਮਨਿਸਟਰ ਇਮੀਗ੍ਰੇਸ਼ਨ ਮਨਿਸਟਰ ਨੂੰ ਦੇ ਕੇ ਆਇਆ ਸੀ ਅਤੇ ਉਸ ਨੇ ਜ਼ੁਬਾਨੀ ਹੀ ਮੇਰੀ ਨਿਊਜ਼ੀਲੈਂਡ ਵਾਸਤੇ ਅਹਿਮੀਅਤ ਵੀ ਇਮੀਗ੍ਰੇਸ਼ਨ ਮਨਿ-ਸਟਰ ਨੂੰ ਦੱਸ ਦਿੱਤੀ ਸੀ ਲ ਜਦੋਂ ਮਨਿਸਟਰ ਨੇ ਮੇਰਾ 5 ਸਾਲਾ ਬੈਨ ਕੈਂਸਲ ਕਰਕੇ ਮੈਨੂੰ ਵਾਪਸ ਆਉਣ ਦੀ ਇਜ਼ਾਜ਼ਤ ਦਿੱਤੀ ਤਾਂ ਉਸ ਲੈਟਰ ਨੂੰ ਵੀ ਡਿਪਟੀ ਪ੍ਰਾਇਮ ਮਨਿਸਟਰ ਪੰਜ ਘੰਟੇ ਕਾਰ ਡਰਾਈਵ ਕਰਕੇ (ਵਲਿੰਗਟਨ ਤੋਂ ਔਕਲੈਂਡ) ਕੰਪਨੀ ਨੂੰ ਦੇਣ ਆਇਆ ਸੀ ਲ ਉਨ੍ਹਾਂ ਦਿਨਾਂ ਵਿੱਚ ਜਿਆਦਾ ਕੰਮ ਈ-ਮੇਲ ਤੇ ਨਹੀਂ ਹੁੰਦੇ ਸਨ ਲ ਨਿਊਜ਼ੀਲੈਂਡ ਵਿੱਚ ਇਹ ਪਹਿਲਾ ਕੇਸ ਹੋਇਆ ਸੀ ਕਿ ਕਿਸੇ ਡਿਪੋਰਟ ਕੀਤੇ ਵਿਅਕਤੀ ਨੂੰ ਇਮੀਗ੍ਰੇਸ਼ਨ ਵਲੋਂ ਸਿਰਫ 4 ਮਹੀਨੇ ਬਾਦ ਵਾਪਿਸ ਬੁਲਾਇਆ ਗਿਆ ਹੋਵੇ ਲ ਉਸ ਤੋਂ ਬਾਦ ਅਜੇ ਤੱਕ ਵੀ ਇਸ ਤਰ੍ਹਾਂ ਨਹੀਂ ਹੋਈ ਲ ਮੇਰੇ ਵਾਸਤੇ ਇਹ ਬੜੇ ਮਾਣ ਵਾਲੀ ਗੱਲ ਸੀ ਕਿ ਪਿੰਡ ਖੁਰਦਪੁਰ ਦੇ ਸਰਕਾਰੀ ਸਕੂਲ ਵਿੱਚ ਪੜ੍ਹੇ ਵਿਅਕਤੀ ਨੂੰ ਨਿਊਜ਼ੀਲੈਂਡ ਵਿੱਚ ਖਾਸ ਤੌਰ ਤੇ ਬੁਲਾਇਆ ਗਿਆ ਸੀ ਜਾਂ ਦੂਜੇ ਸ਼ਬਦਾਂ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਨਿਊਜ਼ੀਲੈਂਡ ਦਾ ਮੇਰੇ ਬਿਨਾਂ ਸਰਿਆ ਨਹੀਂ ਸੀ । ਮੇਰੇ ਪਹਿਲੇ ਬੇਟੇ ਨਵਦੀਪ ਸਿੰਘ ਦਾ ਜਨਮ ਜਨਵਰੀ 2000 ਵਿੱਚ ਹੋਇਆ ਸੀ ਲ ਨਵਦੀਪ ਅਜੇ ਦੋ ਮਹੀਨੇ ਦਾ ਹੀ ਸੀ ਜਦੋਂ ਮੈਂ ਮਾਰਚ 2000 ਵਿੱਚ ਵਾਪਿਸ ਨਿਊਜ਼ੀਲੈਂਡ ਪਹੁੰਚ ਗਿਆ ਸੀ ਲ ਇਥੇ ਆ ਕੇ ਦੁਬ-ਾਰਾ ਕੀਵੀਫਰੂਟ ਦਾ ਕੰਮ ਸ਼ੁਰੂ ਕਰ ਦਿੱਤਾ ਲ ਉਨ੍ਹਾਂ ਦਿਨਾਂ ਵਿੱਚ 3 ਹਫ਼ਤੇ ਦੀਆਂ ਛੁੱਟੀਆਂ ਕੰਪਨੀ ਵਲੋਂ ਮਿਲਦੀਆਂ ਸਨ ਲ ਉਨ੍ਹਾਂ ਛੁੱਟੀਆਂ ਦੇ ਪੈਸੇ ਵੀ ਕੰਪਨੀ ਦਿੰਦੀ ਸੀ ਲ ਉਨ੍ਹਾਂ ਛੁੱਟੀਆਂ ਵਿੱਚ ਮੈਂ ਕੰਮ ਵੀ ਕਰ ਲੈਂਦਾ ਸੀ ਤੇ ਕੰਪਨੀ ਛੁੱਟੀਆਂ ਦੇ ਪੈਸੇ ਵੀ ਦੇ ਦਿੰਦੀ ਸੀ ਭਾਵ ਦੁੱਗਣੇ ਪੈਸੇ ਮਿਲ ਜਾਂਦੇ ਸਨ ਲ ਸੰਨ 2002 ਦੇ ਵਿੱਚ ਕੰਪਨੀ ਨੇ ਪਾਲਿਸੀ ਬਣਾਈ ਕਿ ਹਰ ਇੱਕ ਕਾਮੇ ਨੂੰ ਇਹ ਤਿੰਨ ਹਫ਼ਤੇ ਦੀਆਂ ਛੁੱਟੀਆਂ ਜ਼ਰੂਰੀ ਕਰਨੀਆਂ ਹੀ ਪੈਣੀਆਂ ਹਨ ਲ ਜਦੋਂ ਮੈਨੂੰ ਛੁੱਟੀਆਂ ਹੋਈਆਂ ਤਾਂ ਮੇਰੇ ਕਰਨ ਨੂੰ ਕੁੱਝ ਨਹੀਂ ਸੀ ਲ ਸ਼ਾਇਦ ਪਹਿਲੀ ਵਾਰ ਲੰਬੇ ਸਮੇਂ ਬਾਦ ਮੈਂ ਘਰ ਰਹਿ ਕੇ ਸੂਰਜ ਚੜ੍ਹਦਾ ਦੇਖਿਆ ਸੀ ਲ ਘਰ ਲੋਕਲ ਅਖ਼ਬਾਰ ਆਉਂਦੀ ਹੁੰਦੀ ਸੀ ਲ ਮੈਂ ਉਹ ਪੜ੍ਹਨ ਲੱਗ ਪਿਆ ਲ ਉਸ ਵਿੱਚ ਇੱਕ ਐਡ ਦੇਖੀ ਜਿਸ ਵਿੱਚ ਲਿਖਿਆ ਸੀ ਕਿ ਸੈਮੀਨਾਰ ਵਿੱਚ ਆ ਕੇ ਜਵਾਨ ਉਮਰ ਵਿੱਚ ਅਮੀਰ ਬਣਨਾ ਸਿੱਖੋ ਲ ਰਿਟਾਇਰ ਤਾਂ ਵਿਅਕਤੀ ਇਥੇ 65 ਸਾਲਾਂ ਦੀ ਉਮਰ ਵਿੱਚ ਹੁੰਦਾ ਹੈ ਲ ਇਸ ਕਰਕੇ ਇਹ ਐਡ ਬਹੁਤ ਹੈਰਾਨੀ ਭਰੀ ਸੀ ਲ ਸੈਮੀਨਾਰ ਮੁਫ਼ਤ ਹੀ ਸੀ ਲ ਮੈਂ ਸੋਚਿਆ ਜਾ ਹੀ ਆਉਂਦਾ ਹਾਂ ਕਿਉਂਕਿ ਗੁਆਉਣ ਨੂੰ ਕੁੱਝ ਨਹੀਂ ਹੈ ਪਰ ਪ੍ਰਾਪਤ ਕਰਨ ਲਈ ਬਹੁਤ ਕੁੱਝ ਹੈ ਲ ਪ੍ਰੋਗਰਾਮ ਰੇਸੀਡੈਂਸ਼ਲ ਪ੍ਰਾਪਰਟੀ ਬਾਰੇ ਸੀ ਜੋ ਮੈਨੂੰ ਪਸੰਦ ਨਾ ਆਇਆ ਕਿਉਂਕਿ ਥੋੜ੍ਹਾ ਪ੍ਰਾਪਰਟੀ ਬਾਰੇ ਮੈਂ ਪਹਿਲਾਂ ਵੀ ਜਾਣਦਾ ਸੀ ਲ ਉਸ ਪ੍ਰੋਗਰਾਮ ਵਿੱਚ ਇੱਕ ਕਿਤਾਬ "ਰਿਟਾਇਰ ਯੰਗ ਰਿਟਾਇਰ ਰਿਚ" ਦਾ ਜਿਕਰ ਕੀਤਾ ਗਿਆ ਕਿ ਇਹ ਹਰ ਇੱਕ ਨੂੰ ਜ਼ਰੂਰ ਪੜ੍ਹਨੀ ਚਾਹੀਦੀ ਹੈ ਲ ਮੈਂ ਕਿਤਾਬ ਦਾ ਨਾਮ ਲਿਖ ਲਿਆ ਲ ਦੂਜੇ ਹੀ ਦਿਨ ਕਿਤਾਬ ਖਰੀਦ ਕੇ ਪੜ੍ਹਨੀ ਸ਼ੁਰੂ ਕਰ ਦਿੱਤੀ ਜੋ ਬਹੁਤ ਵਧੀਆ ਲੱਗੀ ਲ ਇਸ ਤੋਂ ਬਾਦ ਮੈਨੂੰ ਕਈ ਹੋਰ ਕਿਤਾਬਾਂ ਦੇ ਲਿੰਕ ਮਿਲ ਗਏ ਜਿਨ੍ਹਾਂ ਨੂੰ ਮੈਂ ਲਗਾਤਾਰ ਪੜ੍ਹਿਆ ਲ ਇਹ ਕਿਤਾਬਾਂ ਜਿਆਦਾ ਲੇਖਕ ਰੋਬਰਟ ਕਿਓਸਾਕੀ ਦੀਆਂ ਲਿਖੀਆਂ ਹੋਈਆਂ ਸਨ ।

ਰੋਬਰਟ ਕਿਓਸਾਕੀ ਦੀਆਂ ਕਿਤਾਬਾਂ ਨੇ ਮੈਨੂੰ ਏਨਾ ਪ੍ਰਭਾਵਤ ਕੀਤਾ ਕਿ ਮੇਰਾ ਦਿਲ ਕਰਨ ਲੱਗਾ ਕਿ ਮੈਂ ਲੇਖਕ ਰੋਬਰਟ ਕਿਓਸਾਕੀ ਨੂੰ ਖੁਦ ਆਹਮਣੇ ਸਾਹਮਣੇ ਮਿਲਾਂ ਲ ਉਸ ਦੀਆਂ ਅੰਗਰੇਜ਼ੀ ਵਿੱਚ ਲਿਖੀਆਂ ਕਿਤਾਬਾਂ ਪੜ੍ਹਨ ਖਾਤਿਰ ਹੀ ਮੈਂ ਹੋਰ ਵਧੀਆ ਅੰਗਰੇਜ਼ੀ ਸਿੱਖ ਲਈ ਸੀ । ਇਨ੍ਹਾਂ ਦਿਨਾਂ ਵਿੱਚ ਰੋਬਰਟ ਕਿਓਸਾਕੀ ਦੋ ਵਾਰ ਨਿਊਜ਼ੀਲੈਂਡ ਸੈਮੀਨਾਰ ਕਰਨ ਆਇਆ ਤਾਂ ਮੈਂ ਦੋਨੋਂ ਵਾਰ ਹੀ ਉਸ ਨੂੰ ਮਿਲਿਆ ਤੇ ਸੈਮੀਨਾਰ ਵੀ ਦੇਖੇ ਲ ਮੈਨੂੰ ਪਤਾ ਲੱਗ ਗਿਆ ਕਿ ਅਮੀਰ ਬਣਨ ਲਈ ਹੇਰਾ ਫੇਰੀ ਦੀ ਲੋੜ ਨਹੀਂ ਹੈ ਲ ਸਿਰਫ ਸਿਸਟਮ ਨੂੰ /ਟੈਕਸ ਦੇ ਕਨੂੰਨ ਨੂੰ ਸਹੀ ਤਰਾਂ ਸਮਝਣ ਅਤੇ ਲਾਗੂ ਕਰਨ ਦੀ ਲੋੜ ਹੈ ਲ ਮੈਂ ਕਾਮੇ ਤੇ ਬਿਜਨਸ ਦੇ ਫਰਕ ਨੂੰ ਜਾਣ ਲਿਆ ਲ ਮੈਨੂੰ ਇਹ ਵੀ ਪਤਾ ਲੱਗ ਗਿਆ ਕਿ ਬਿਜਨਿਸ ਵਾਸਤੇ ਆਪਣੇ ਪੈਸੇ ਦੀ ਬਹੁਤੀ ਲੋੜ ਨਹੀਂ ਹੈ ਲ ਸਿਰਫ ਸਹੀ ਜਾਣਕਾਰੀ ਪ੍ਰਾਪਤ ਕਰਕੇ ਅਤੇ ਉਸ ਨੂੰ ਸਹੀ ਢੰਗ ਨਾਲ ਲਾਗੂ ਕਰਕੇ ਹੀ ਉਪਰਲੇ ਲੈਵਲ ਤੇ ਬਿਜਨਸ ਲਿਜਾਇਆ ਜਾ ਸਕਦਾ ਹੈ ਲ ਸਹੀ ਜਾਣਕਾਰੀ ਹੋਣ ਨਾਲ ਪੈਸਾ ਆਪਣੇ ਆਪ ਇਕੱਠਾ ਹੋ ਜਾਂਦਾ ਹੈ ਲ ਇਸ ਤੋਂ ਇਲਾਵਾ ਮੈਂ ਕਈ ਹੋਰ ਲੇਖਕਾਂ ਅਤੇ ਬਿਜਨਿਸਮੈਨਾਂ ਨੂੰ ਵੀ ਬਿਜਨਿਸ ਸੈਮੀਨਾਰਾਂ ਵਿੱਚ ਮਿਲਿਆ ਲ ਉਨ੍ਹਾਂ ਦੀਆਂ ਇੰਟਰਵਿਊ ਕਰਨ ਤੋਂ ਬਾਦ ਮੈਨੂੰ ਕੁੱਝ ਅਨੋਖੀਆਂ ਚੀਜ਼ਾਂ ਸਮਝ ਆਈਆਂ ਲ ਉਨ੍ਹਾਂ ਵਿੱਚ ਤਕਰੀਬਨ 90% ਦੇ ਕਰੀਬ ਅਮੀਰ ਜ਼ਮੀਨ, ਘਰਾਂ ਜਾਂ ਕਮਰਸ਼ੀਅਲ ਪ੍ਰਾਪਰਟੀ ਖਰੀਦਣ ਨਾਲ ਅਮੀਰ ਹੋਏ ਸਨ ਲ ਇਹ ਵੀ ਸਮਝ ਪਈ ਕਿ ਉਨ੍ਹਾਂ ਗੋਰਿਆਂ ਨੂੰ ਵਿਰਸੇ ਵਿੱਚ ਕੁੱਝ ਨਹੀਂ ਮਿਲਿਆ ਸੀ ਲ ਉਨ੍ਹਾਂ ਖੁਦ ਹੀ ਪੈਦਾ ਕੀਤਾ ਸੀ ਲ ਉਨ੍ਹਾਂ ਵਿੱਚੋਂ ਕਈ ਮੇਰੇ ਵਾਂਗ ਕਾਰਾਂ ਵਿੱਚ ਵੀ ਸੌਂਦੇ ਰਹੇ ਸਨ ਲ ਮੇਰੇ ਦਿਲ ਵਿੱਚ ਇੱਛਾ ਹੋਈ ਕਿ ਜੇ ਇਹ ਕਾਰਾਂ ਵਿੱਚ ਸੌਂ ਕੇ ਵੱਡੀਆਂ ਪ੍ਰਾਪਤੀਆਂ ਕਰ ਸਕਦੇ ਹਨ ਤਾਂ ਮੈਂ ਕਿਉਂ ਨਹੀਂ ਕਰ ਸਕਦਾ? ਜਿਹੜੇ ਵੀ ਵਿਦੇਸ਼ੀ ਲੇਖਕਾਂ ਜਾਂ ਬਿਜਨਸਮੈਨਾਂ ਨੂੰ ਮਿਲਿਆ ਉਹ ਆਪਣੇ ਮੁਲਕ ਦੇ ਕਨੂੰਨ ਬਾਰੇ ਗੱਲ ਕਰਦੇ ਸਨ ਪਰ ਮੈਨੂੰ ਨਿਊਜ਼ੀਲੈਂਡ ਦੇ ਕਨੂੰਨ ਮੁਤਾਬਕ ਗੱਲ ਕਰਨ ਵਾਲਾ ਵਿਅਕਤੀ ਜਾਂ ਕੰਪਨੀ ਚਾਹੀਦੀ ਸੀ ਲ ਅਮੀਰਾਂ ਦੀਆਂ ਮਹਿਫ਼ਿਲਾਂ/ਸੈਮੀਨਾਰਾਂ ਵਿੱਚ ਰੱਬ ਅਤੇ ਕਿਸਮਤ ਦਾ ਬਿਲਕੁਲ ਜ਼ਿਕਰ ਨਹੀਂ ਸੀ, ਨਰਕ ਸਵਰਗ ਦਾ ਜ਼ਿਕਰ ਨਹੀਂ ਸੀ, ਅਗਲੇ ਪਿਛਲੇ ਜਨਮ ਦਾ ਜ਼ਿਕਰ ਨਹੀਂ ਸੀ ਅਤੇ ਪਾਪ ਪੁੰਨ ਦਾ ਜ਼ਿਕਰ ਨਹੀਂ ਸੀ ਲ ਚੰਗੀ ਮਾੜੀ ਸਰਕਾਰ ਦਾ ਜ਼ਿਕਰ ਨਹੀਂ ਸੀ ਲ ਜੇ ਜ਼ਿਕਰ ਸੀ ਤਾਂ ਉਹ ਸਿਰਫ ਆਪਣੇ ਆਪ ਨੂੰ ਬਦਲਣ ਦਾ ਜ਼ਿਕਰ ਸੀ ।ਇਸ ਤੋਂ ਬਾਦ ਮੈਂ ਕਿਸੇ ਨਿਊਜ਼ੀਲੈਂਡ ਦੀ ਕੰਪਨੀ ਦੀ ਭਾਲ ਕਰਨ ਲੱਗਾ ਜੋ ਇਥੇ ਦੇ ਕਾਇਦੇ ਕਨੂੰਨਾਂ ਮੁਤਾਬਕ ਮੈਨੂੰ ਰੇਸੀਡੈਂਸ਼ਲ ਪ੍ਰਾਪਰਟੀ ਬਿਜਨਸ ਬਾਰੇ ਜਾਣਕਾਰੀ ਦੇਵੇ ਲ ਮੈਨੂੰ ਇੱਕ ਗੋਰੇ ਦੀ ਕੰਪਨੀ 2003 ਵਿੱਚ ਮਿਲ ਗਈ ਜੋ ਉਸ ਸਾਲ ਮੁਲਕ ਵਿੱਚ ਬਿਜਨਸਮੈਨ ਆਫ ਦੀ ਯਿਅਰ (ਓਨਟਰਏਪਰਏਨਏੁਰ ਡ ਟਹਏ ਏਓਰ) ਸੀ ਲ ਉਸ ਕੰਪਨੀ ਵਿੱਚ ਮੈਂ ਸੈਮੀਨਾਰ ਦੇਖੇ, ਤਿੰਨ ਦਿਨਾਂ ਪ੍ਰਾਪਰਟੀ ਅਕੈਡਮੀ ਵਿੱਚ ਗਿਆ ਅਤੇ ਦੋ ਸਾਲ ਮੈਂਟਰਿੰਗ ਕੋਰਸ ਕੀਤਾ ਲ ਮੈਂ ਅੱਠ ਮਹੀਨੇ ਵਿੱਚ ਹੀ ਆਪਣੇ ਮੈਂਟਰ (ਇਨਟੋਰ) ਤੋਂ ਕੀਤੀਆਂ ਪ੍ਰਾਪਤੀਆਂ ਵਿੱਚ ਅੱਗੇ ਨਿੱਕਲ ਗਿਆ ਲ ਮੈਂ ਲੋਕਲ ਪ੍ਰਾਪਰਟੀ ਇਨਵੈਸਟਰ ਐਸੋਸੀਏਸ਼ਨ ਦੀ ਮੈਂਬਰਸ਼ਿਪ ਲੈ ਲਈ ਜਿਸ ਵਿੱਚ ਕਾਮਯਾਬ ਹੋਏ ਪ੍ਰਾਪਰਟੀ ਇਨਵੈਸਟਰ ਦੂਜੇ ਪ੍ਰਾਪਰਟੀ ਇਨਵੈਸਟਰਾਂ ਨੂੰ ਆਪਣੇ ਤਜ਼ਰਬਿਆਂ ਬਾਰੇ ਦੱਸਦੇ ਸਨ ਲ ਉਨ੍ਹਾਂ ਦਾ ਮੈਂਬਰ ਬਣਨ ਨਾਲ ਮੈਨੂੰ ਘਰਾਂ ਦੇ ਖੇਤਰ ਵਿੱਚ ਵਰਤ ਹੋਣ ਵਾਲਾ ਸਮਾਨ ਕਾਫੀ ਸਸਤਾ ਮਿਲਣ ਲੱਗ ਪਿਆ । ਉਸੇ ਸਮੇਂ ਨਿਊਜ਼ੀਲੈਂਡ ਵਿੱਚ ਪ੍ਰਾਪਰਟੀ ਇਨਵੈਸਟਰ ਮੈਗਜ਼ੀਨ ਦੀ ਸ਼ੁਰੂਆਤ ਹੋਈ ਜੋ ਬਹੁਤ ਕਾਮਯਾਬੀ ਨਾਲ ਅਜੇ ਵੀ ਚੱਲ ਰਹੀ ਹੈ ਲ ਮੈਂ ਸ਼ੁਰੂ ਤੋਂ ਹੁਣ ਤੱਕ ਪੜ੍ਹ ਰਿਹਾ ਹਾਂ ਲ ਉਸ ਵਿੱਚ ਨਵੇਂ ਕਾਮਯਾਬ ਹੋਏ ਇਨਵੈਸਟਰ ਆਪਣੇ ਇਨਵੈਸਟਮੈਂਟ ਦੇ ਸਫ਼ਰ ਤੇ ਤਜ਼ਰਬਿਆਂ ਬਾਰੇ ਸਾਂਝ ਪਾਉਂਦੇ ਰਹਿੰਦੇ ਹਨ ਲ ਜਿਹੜੀ ਨਿਊਜ਼ੀਲੈਂਡ ਦੀ ਕੰਪਨੀ ਵਿੱਚ ਮੈਂ ਪ੍ਰਾਪਰਟੀ ਇਨਵੈਸਟਮੈਂਟ ਦਾ ਕੰਮ ਸਿੱਖਣਾ ਸ਼ੁਰੂ ਕੀਤਾ ਸੀ, ਉਸ ਕੰਪਨੀ ਦੇ ਮਾਲਕ ਨੇ ਸੈਮੀਨਾਰ ਵਿੱਚ ਦਿਲਚਸਪ ਹੱਡ ਬੀਤੀ ਸੁਣਾਈ ਕਿ ਮੈਂ ਕਿਸੇ ਦੀ ਕੰਪਨੀ ਵਿੱਚ ਮੈਨੇਜਰ ਸੀ ਲ ਉਸ ਕੰਪਨੀ ਨੂੰ ਮੈਂ ਆਰਥਿਕ ਤਰੱਕੀ ਵੱਲ ਲੈ ਗਿਆ ਲ ਮਾਲਕ ਮੈਨੂੰ ਬਹੁਤ ਜਿਆਦਾ ਤਨਖਾਹ ਦਿੰਦਾ ਸੀ ਲ ਮਾਲਕ ਨੇ ਸਿਆਣੀ ਉਮਰ ਵਿੱਚ ਫੈਸਲਾ ਕੀਤਾ ਕਿ ਉਹ ਕੰਪਨੀ ਵੇਚ ਕੇ ਫੀਜ਼ੀ (ਫਿਜਿ) ਵਿੱਚ ਰਹੇਗਾ ਲ ਇਸ ਤਰਾਂ ਉਸ ਨੂੰ ਕੰਮ ਤੋਂ ਕੱਢ ਦਿੱਤਾ ਗਿਆ ਸੀ ਲ ਉਸ ਦਿਨ ਉਸ ਨੇ ਫੈਸਲਾ ਕੀਤਾ ਸੀ ਕਿ ਉਹ ਕਦੇ ਵੀ ਕਿਸੇ ਨੂੰ ਅਮੀਰ ਨਹੀਂ ਬਣਾਵੇਗਾ ਲ ਬਾਦ ਵਿੱਚ ਉਸ ਨੇ ਆਪਣੀ ਕੰਪਨੀ ਬਣਾਈ ਸੀ ਜਿਸ ਵਿੱਚ ਮੈਂ ਕੰਮ ਸਿੱਖ ਰਿਹਾ ਸੀ ਲ ਉਸ ਦੀ ਕਹਾਣੀ ਸੁਣ ਕੇ ਮੈਨੂੰ ਮਹਿਸੂਸ ਹੋਇਆ ਕਿ ਹੋ ਸਕਦਾ ਕਦੇ ਮੇਰੇ ਨਾਲ ਵੀ ਇੰਝ ਹੀ ਹੋਵੇ ਲ ਮੈਂ ਇਸ ਲਈ ਆਪਣੇ ਆਪ ਨੂੰ ਤਿਆਰ ਕਰਨਾ ਸ਼ੁਰੂ ਕਰ ਦਿੱਤਾ ਲ

ਸੰਨ 2005 ਤੱਕ ਉਸੇ ਕੀਵੀਫਰੂਟ ਕੰਪਨੀ ਵਿੱਚ ਮੈਨੇਜਰ ਦੇ ਤੌਰ ਤੇ ਨੌਕਰੀ ਕੀਤੀ ਜਿਸ ਨੇ ਮੈਨੂੰ ਇੰਡੀਆ ਤੋਂ ਬੁਲਾਇਆ ਸੀ ਲ ਸੰਨ 2005 ਵਿੱਚ ਕੰਪਨੀ ਰੀ-ਸਟਰਕਚਰ ਹੋਣ ਕਰਕੇ ਕੰਪਨੀ ਦੁਆਰਾ ਮੇਰੀ ਨੌਕਰੀ ਖਤਮ ਕਰ ਦਿੱਤੀ।

(ਚਲਦਾ)

ਅਵਤਾਰ ਤਰਕਸ਼ੀਲ
ਨਿਊਜ਼ੀਲੈਂਡ
ਜੱਦੀ ਪਿੰਡ
ਖੁਰਦਪੁਰ (ਜਲੰਧਰ)
006421392147

ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਕਰਮਜੀਤ ਕੌਰ ਨੇ ਹਾਈਕੋਰਟ ਦੇ ਫੈਸਲੇ ਵੱਡੀ ਜਿੱਤ ਦੱਸ ਕੇ ਸਰਾਹਿਆ

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਕਰਮਜੀਤ ਕੌਰ ਨੇ ਪਾਣੀ ਦੇ ਮੁੱਦੇ 'ਤੇ ਪੰਜਾਬ ਵੱਲੋਂ ਹਾਸਲ ਕੀਤੀ ਗਈ ਕਾਨੂੰਨੀ ਸਫਲਤਾ ਨੂੰ ਇਤਿਹਾਸਕ ਦੱਸਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਹਰਿਆਣਾ ਸਰਕਾਰ ਅਤੇ ਕੇਂਦਰ ਸਰਕਾਰ ਨੂੰ ਜਾਰੀ ਕੀਤਾ ਗਿਆ ਨੋਟਿਸ ਸਾਬਤ ਕਰਦਾ ਹੈ ਕਿ ਪੰਜਾਬ ਦੀਆਂ ਚਿੰਤਾਵਾਂ ਜਾਇਜ਼ ਅਤੇ ਗੰਭੀਰ ਹਨ। ਪੰਜਾਬ ਸਰਕਾਰ ਵਲੋਂ ਦਾਇਰ ਸਮੀਖਿਆ ਪਟੀਸ਼ਨ ਨੂੰ ਅਦਾਲਤ ਵਲੋਂ ਗੰਭੀਰ ਮੰਨਣਾ ਅਤੇ ਉਸ 'ਤੇ ਕੇਂਦਰ ਅਤੇ ਹਰਿਆਣਾ ਸਰਕਾਰਾਂ ਤੋਂ ਜਵਾਬ ਮੰਗਿਆ ਹੈ, ਇਹ ਇਕ ਵੱਡੀ ਰਾਹਤ ਹੈ। ਕਰਮਜੀਤ ਕੌਰ ਨੇ ਕਿਹਾ ਕਿ ਇਹ ਫੈਸਲਾ ਪੰਜਾਬ ਦੇ ਹੱਕ ਵਿੱਚ ਇੱਕ ਸਕਾਰਾਤਮਕ ਸੰਕੇਤ ਦਿੰਦਾ ਹੈ ਅਤੇ ਇਹ ਸੂਬੇ ਲਈ ਲਾਭਦਾਇਕ ਹੈ। ਇਹ ਪਾਣੀ ਦੇ ਅਧਿਕਾਰਾਂ ਦੀ ਰਾਖੀ ਵੱਲ ਇਕ ਮਹੱਤਵਪੂਰਨ ਕਦਮ ਹੈ।

ਹਾਈਕੋਰਟ ਨੇ ਬੀ.ਬੀ.ਐਮ.ਬੀ ਚੇਅਰਮੈਨ ਦੇ ਬਦਲੇ ਹੋਏ ਰੁਖ਼ 'ਤੇ ਵੀ ਸਵਾਲ ਉਠਾਏ ਹਨ ਅਤੇ ਬੀ.ਬੀ.ਐਮ.ਬੀ ਅਤੇ ਹਰਿਆਣਾ ਸਰਕਾਰ ਦੋਵਾਂ ਤੋਂ ਜਵਾਬ ਮੰਗੇ ਹਨ। ਕੋਰਟ ਨੇ ਇਹ ਵੀ ਸਪੱਸ਼ਟ ਤੌਰ 'ਤੇ ਪੁੱਛਿਆ ਹੈ ਕਿ ਹਰਿਆਣਾ ਨੂੰ ਵਾਧੂ ਪਾਣੀ ਦੀ ਲੋੜ ਕਿਉਂ ਹੈ, ਜਿਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਪੰਜਾਬ ਦੇ ਪਾਣੀ ਨਾਲ ਕੋਈ ਵੀ ਅਨਿਆਂ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਦੇ ਪਾਣੀਆਂ ਦੇ ਹਿੱਤਾਂ ਦੀ ਰਾਖੀ ਲਈ ਲਗਾਤਾਰ ਲੜ ਰਹੀ ਹੈ, ਅਤੇ ਇਹ ਫੈਸਲਾ ਉਸੇ ਸੰਘਰਸ਼ ਦਾ ਨਤੀਜਾ ਹੈ। ਕਰਮਜੀਤ ਕੌਰ ਨੇ ਵਿਸ਼ਵਾਸ ਪ੍ਰਗਟਾਇਆ ਕਿ 20 ਮਈ ਨੂੰ ਹੋਣ ਵਾਲੀ ਸੁਣਵਾਈ ਵਿੱਚ ਪੰਜਾਬ ਨੂੰ ਹੋਰ ਮਜ਼ਬੂਤੀ ਮਿਲੇਗੀ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਦੇ ਇਸ ਕਾਨੂੰਨੀ ਸੰਘਰਸ਼ ਵਿਚ ਪੂਰਾ ਸਹਿਯੋਗ ਦੇਣ ਅਤੇ ਸੂਬੇ ਦੇ ਪਾਣੀਆਂ ਦੇ ਹੱਕਾਂ ਦੀ ਰਾਖੀ ਲਈ ਇਕਜੁੱਟ ਹੋਣ।

ਆਪਣੀ ਨੌਕਰੀ ਕਰਨੀ ਦੇ ਬਾਵਜੂਦ ਵੀ ਬਸਪਾ ਲਈ ਕੰਮ ਕਰਨ ਵਾਲਾ ਗੁਰਦਿਆਲ ਸਿੰਘ ਦੁਸਾਂਝ ਪਿਛਲੇ ਇੱਕ ਡੇਢ ਮਹੀਨੇ ਤੋਂ ਬਿਮਾਰ ਹੈ

ਬੰਗਾ (ਚਰਨਜੀਤ ਸੱਲ੍ਹਾਂ) ਆਪਣੀ ਨੌਕਰੀ ਦੌਰਾਨ ਭਅੰ-ਛਓਢ ਦੇ ਮਾਧਿਅਮ ਤੋਂ ਪੇਬੈਕ ਟੂ ਦਾ ਸੋਸਾਇਟੀ ਦਾ ਕੰਮ ਕਰਨ ਵਾਲੇ ਅਤੇ ਇਸ ਵੇਲੇ ਬਸਪਾ ਵਿੱਚ ਬਤੌਰ ਸੈਕਟਰ ਇੰਚਾਰਜ ਦੀ ਡਿਊਟੀ ਨਿਭਾ ਰਹੇ ਸ੍ਰੀ ਗੁਰਦਿਆਲ ਸਿੰਘ ਦੋਸਾਂਝ ਡੇਢ ਕੁ ਮਹੀਨਾ ਪਹਿਲਾਂ ਅਚਾਨਕ ਬ੍ਰੇਨ ਹਮਰੇਜ ਹੋਣ ਕਰਕੇ ਬਿਮਾਰੀ ਨਾਲ ਜੂਝ ਰਹੇ ਹਨ। ਡੇਢ ਕ ਮਹੀਨਾ ਹਸਪਤਾਲ ਵਿੱਚ ਦਾਖਲ ਰਹਿਣ ਤੋਂ ਬਾਦ ਆਪਣੇ ਘਰ ਵਿੱਚ ਹੀ ਕੇਅਰ ਟੇਕਰ ਦੀ ਨਿਗਰਾਨੀ ਹੇਠ ਇਲਾਜ਼ ਚਲ ਰਿਹਾ । ਅਸੀਂ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਗੁਰਦਿਆਲ ਸਿੰਘ ਜੀ ਜਲਦੀ ਤੋਂ ਜਲਦੀ ਤੰਦਰੁਸਤ ਹੋਕੇ ਆਪਣੀਆਂ ਪਹਿਲਾਂ ਵਾਲੀਆਂ ਗਤੀਵਿਧੀਆਂ ਸ਼ੁਰੂ ਕਰਨ। ਇਸ ਮੌਕੇ ਤੇ ਬਸਪਾ ਦੇ ਸੀਨੀਅਰ ਆਗੂ ਪ੍ਰਵੀਨ ਬੰਗਾ ਜੋਨ ਇੰਚਾਰਜ ਲੁਧਿਆਣਾ,ਜੈ ਪਾਲ ਸੁੰਡਾਂ ਬਸਪਾ ਦੇ ਆਗੂ ਅਤੇ ਪਰਮਜੀਤ ਦੁਸਾਂਝ ਜੀ ਅਤੇ ਪਰਿਵਾਰਕ ਮੈਂਬਰ ਹਾਜ਼ਰ ਸਨ।

ਨਕਲੀ ਸ਼ਰਾਬ ਪੀਣ ਨਾਲ 17 ਮੌਤਾਂ ਹੋ ਚੁੱਕੀਆਂ ਹਨ ਹਾਕਮ ਧਿਰ ਅਤੇ ਸਰਕਾਰੀ ਤੰਤਰ ਫੇਲ ਹੋ ਚੁੱਕਿਆ ਹੈ: ਸ ਅਵਤਾਰ ਸਿੰਘ ਕਰੀਮਪੁਰੀ

ਜਲੰਧਰ(ਚਰਨਜੀਤ ਸੱਲ੍ਹਾਂ) 13.05.2025 ਨੂੰ ਪੰਜਾਬ ਦੇ ਮਜੀਠਾ ਹਲਕਾ ਵਿਚ ਪੈਂਦੇ 5/6 ਪਿੰਡਾਂ ਵਿਚ ਨਕਲੀ ਸ਼ਰਾਬ ਪੀਣ ਨਾਲ ਹੁਣ ਤੱਕ (ਸੰਦੇਸ਼ ਲਿਖਣ ਤੱਕ) ਸਰਕਾਰੀ ਤੌਰ ਤੇ ਹੋ ਚੁਕੀ ਪੁਸ਼ਟੀ ਅਨੁਸਾਰ ਹੋਈਆਂ 17 ਮੌਤਾਂ,* ਹਾਕਮ ਧਿਰ ਦੀ ਨਸ਼ਿਆਂ ਵਿਰੁੱਧ ਪਹੁੰਚ ਅਤੇ ਸਰਕਾਰੀ ਤੰਤਰ ਦੇ ਫੇਲ ਹੋਣ ਦਾ ਸਿੱਟਾ ਹਨ ਅਤੇ ਪੂਰਨ ਰੂਪ ਵਿਚ ਪੰਜਾਬ ਦੇ ਲੋਕਾਂ ਦੀ ਜਾਨ ਦੀ ਰਾਖੀ ਕਰਨ ਵਿਚ ਨਾਕਾਮੀ ਦੀ ਜਿੰਦਾ ਮਿਸਾਲ ਹੈ। ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਉਨ੍ਹਾਂ ਦੇ ਨਾਲ ਹੋਰ ਆਗੂ ਸਹਿਬਾਨਾਂ ਵਲੋਂ ਆਪਣਾ ਪੰਜਾਬ ਦੇ ਲੋਕਾਂ ਪ੍ਰਤੀ ਫਰਜ ਸਮਝਦੇ ਹੋਏ ਫ਼ੌਰੀ ਤੌਰ ਤੇ ਘਟਨਾ ਸਥਾਨ ਤੇ ਪਹੁੰਚ ਕੇ ਪ੍ਰਭਾਵਿਤ ਪਰਿਵਾਰਾਂ ਨਾਲ ਇਸ ਔਖੀ ਘੜੀ ਵਿਚ ਦੁੱਖ ਸਾਂਝਾ ਕੀਤਾ ਅਤੇ ਸਰਕਾਰ ਤੋਂ ਫੌਰਨ ਕਾਰਵਾਈ ਕਰਕੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਨਾ, ਉੱਚ ਪੱਧਰੀ ਜਾਂਚ ਕਰਕੇ ਸੰਲਿਪਤ ਧਿਰਾਂ ਵਿਰੁੱਧ ਕਾਰਵਾਈ ਕਰਨਾ ਅਤੇ ਸਬੰਧਿਤ ਨੂੰ ਮਿਸਾਲੀ ਅਤੇ ਸਖ਼ਤ ਸਜ਼ਾਵਾਂ ਦੁਆਣਾ, ਮਿਰਤਕਾਂ ਦੇ ਪਰਿਵਾਰਾਂ ਨੂੰ ਮੁਆਵਜੇ ਦੇ ਤੌਰ ਤੇ 1-1 ਕਰੋੜ ਰੁ ਫ਼ੌਰੀ ਤੌਰ ਤੇ ਦੇਣਾ ਅਤੇ ਪਰਿਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਦੀ ਮੰਗ ਕੀਤੀ।

ਇਸਦੇ ਨਾਲ ਹੀ ਸਰਕਾਰ ਦੀ ਨਾਕਾਮੀ ਵਿਰੁੱਧ ਲੋਕਾਂ ਦੀ ਕਚਹਿਰੀ ਵਿਚ ਸਾਰਾ ਮਾਮਲਾ ਲਿਜਾਣ ਲਈ ਪਹਿਲਾਂ ਹੀ ਚਲਾਈ ਜਾ ਰਹੀ ਪੰਜਾਬ ਸੰਭਾਲੋ ਮੁਹਿੰਮ ਤਹਿਤ ਮਿਤੀ 22.05.2025 ਦਿਨ ਵੀਰਵਾਰ ਨੂੰ ਹਰੇਕ ਜਿਲ੍ਹਾ ਹੈੱਡ ਕੁਆਟਰ ਤੇ ਸੜਕਾਂ ਤੇ ਉਤਰਕੇ ਰੋਸ ਪ੍ਰਦਰਸ਼ਨ ਕਰਨ ਦਾ ਸਮੂਹ ਪੰਜਾਬੀਆਂ ਨੂੰ ਸੱਦਾ ਵੀ ਦਿੱਤਾ ਗਿਆ।

ਇਸ ਲਈ ਹਰੇਕ ਪੱਧਰ ਦੇ ਸਮੂਹ ਆਗੂਆਂ ਨੂੰ ਇਸ ਸੰਦੇਸ਼ ਰਾਹੀਂ ਦੱਸਿਆ ਜਾਦਾਂ ਹੈ ਕਿ ਇਸ ਰੋਸ ਪ੍ਰਦਰਸ਼ਨ ਲਈ ਵੱਡੇ ਪੱਧਰ ਤੇ ਸਮੂਹ

ਸਮਾਜ ਦੀ ਸ਼ਮੂਲੀਅਤ ਕਰਾਕੇ ਵੱਡੇ ਇਕੱਠ ਕਰਕੇ ਸਰਕਾਰ ਦੀ ਲੋਕਾਂ ਪ੍ਰਤੀ ਜਵਾਬਦੇਹੀ ਦਾ ਅਤੇ ਹਰ ਪੱਧਰ ਤੇ ਨਾਕਾਮੀ ਦਾ ਕੱਚਾ ਚਿੱਠਾ ਲੋਕਾਂ ਸਾਹਮਣੇ ਰਖਿਆ ਜਾਵੇ।

ਇਸ ਲਈ ਜੋਨ/ਜਿਲ੍ਹਾ/ਵਿਧਾਸਭਾ ਪੱਧਰ ਦੇ ਸਾਰੇ ਹੀ ਆਗੂ, ਵਰਕਰ, ਸਮਰਥਕ, ਪੰਜਾਬ ਹਿਤੈਸ਼ੀ ਅਤੇ ਸਮੂਹ ਵਿੰਗ BSP/BVF/WOME ਆਦਿ ਦੀ ਨਿਜੀ ਜਿੰਮੇਵਾਰੀ ਬਣਦੀ ਹੈ ਕਿ ਮੀਟਿੰਗਾਂ ਕਰਕੇ ਰੋਸ਼ ਧਰਨੇ ਦੀ ਤਿਆਰੀ ਕੀਤੀ ਜਾਵੇ ਜੀ। ਆਓ ਪੰਜਾਬ ਦੇ ਲੋਕਾਂ ਨੂੰ ਇਸ ਨਿੱਘਰ ਚੁਕੀ ਕਾਨੂੰਨ ਵਿਵਸਥਾ ਅਤੇ ਸਰਕਾਰੀ ਤੰਤਰ ਤੋਂ ਨਜ਼ਾਤ ਦਵਾਈਏ ਅਤੇ ਨਵਾਂ ਤੇ ਨਰੋਆ ਪੰਜਾਬ ਉਸਾਰਨ ਵੱਲ ਚਲੀਏ! ਲੋਕਾਂ ਦੇ ਹੱਕਾਂ ਤੇ ਹਿੱਤਾਂ ਦੀ ਰਾਖੀ ਲਈ ਆਪਣਾ ਯੋਗਦਾਨ ਪਾਈਏ।

(ਇੰਜ ਜਸਵੰਤ ਰਾਏ)
ਸੂਬਾ ਦਫਤਰ ਸਕੱਤਰ
ਬਹੁਜਨ ਸਮਾਜ ਪਾਰਟੀ, ਪੰਜਾਬ।

ਰੁਮਾਲ ਦੀ ਵਰਤੋਂ ਅਤੇ ਮਹੱਤਤਾ ਬਾਰੇ ਵਿਦਿਆਰਥੀਆਂ ਨੂੰ ਸਮਝਾਇਆ

ਸ੍ਰੀ ਅਨੰਦਪੁਰ ਸਾਹਿਬ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ ਦੇ ਸਟੇਟ ਐਵਾਰਡੀ ਅਧਿਆਪਕ ਮਾਸਟਰ ਸੰਜੀਵ ਧਰਮਾਣੀ ਨੇ ਸਵੇਰ ਦੀ ਸਭਾ ਦੇ ਦੌਰਾਨ ਵਿਦਿਆਰਥੀਆਂ ਨੂੰ ਰੁਮਾਲ ਦੀ ਮਹੱਤਤਾ ਅਤੇ ਵਰਤੋਂ ਬਾਰੇ ਵਿਸਤਾਰ ਨਾਲ ਸਮਝਾਇਆ। ਉਹਨਾਂ ਨੇ ਸਮਝਾਉਂਦਿਆਂ ਹੋਇਆਂ ਵਿਦਿਆਰਥੀਆਂ ਨੂੰ ਦੱਸਿਆ ਕਿ ਰੁਮਾਲ ਸਾਫ - ਸਫਾਈ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਸਾਨੂੰ ਛਿੱਕ/ਨਿੱਛ ਮਾਰਨ ਸਮੇਂ , ਖਾਂਸੀ ਕਰਨ ਸਮੇਂ , ਹੱਥ ਸਾਫ ਕਰਨ ਲਈ , ਗਰਮੀਆਂ ਦੇ ਦੌਰਾਨ ਪਸੀਨਾ ਆਦਿ ਸਾਫ ਕਰਨ ਦੇ ਲਈ ਰੁਮਾਲ ਦੀ ਵਰਤੋਂ ਜਰੂਰ ਕਰਨੀ ਚਾਹੀਦੀ ਹੈ। ਰੁਮਾਲ ਦੀ ਵਰਤੋਂ ਸਾਡੀ ਤੰਦਰੁਸਤੀ ਲਈ ਬਹੁਤ ਜ਼ਰੂਰੀ ਹੈ ਅਤੇ ਬਿਮਾਰੀਆਂ ਤੋਂ ਬਚਾਅ ਕਰਨ ਵਿੱਚ ਵੀ ਰੁਮਾਲ ਬਹੁਤ ਜਿਆਦਾ ਸਹਾਈ ਸਿੱਧ ਹੁੰਦਾ ਹੈ। ਇਸ ਲਈ ਇਸਦੀ ਵਰਤੋਂ ਜਰੂਰ ਕਰਨੀ ਚਾਹੀਦੀ ਹੈ ਅਤੇ ਹਰ ਰੋਜ਼ ਰੁਮਾਲ ਨੂੰ ਸਾਫ ਕਰਕੇ ਵਰਤਣਾ ਚਾਹੀਦਾ ਹੈ। ਇਸ ਤੋਂ ਇਲਾਵਾ ਉਹਨਾਂ ਨੇ ਵਿਦਿਆਰਥੀਆਂ ਨੂੰ ਗਰਮੀ ਤੋਂ ਆਪਣਾ ਬਚਾਅ ਕਰਨ ਦੇ ਲਈ ਵੀ ਸਮਝਾਇਆ। ਇਸ ਮੌਕੇ ਸਮੂਹ ਸਕੂਲ ਸਟਾਫ ਹਾਜ਼ਰ ਸੀ।

ਆਓ ਆਪਾਂ ਸੋਚ ਦੀ ਸ਼ਕਤੀ ਨਾਲ ਮਨ ਦੇ ਦੀਵੇ ਜਗਾਈਏ, ਅਤੇ ਸ਼ਬਦਾਂ ਦੀ ਮਿਠਾਸ ਨਾਲ ਜੀਭ ਦੀ ਕੁੜੱਤਣ ਨੂੰ ਮਿਟਾ ਦੇਈਏ

ਕਲਮ ਅਤੇ ਕਿਤਾਬ ਦੀ ਭਾਸ਼ਾ ਰਾਹੀਂ ਸਾਹਿਤ ਦਾ ਸੱਦਾ

ਲਿਖਣ ਦੀ ਨਬਜ਼ 'ਤੇ ਹੱਥ ਰੱਖ ਕੇ ਕਲਮ ਦੇ ਮੂਡ ਦਾ ਪਤਾ ਲਗਾਉਣਾ ਇੱਕ ਸੱਚੇ ਲੇਖਕ ਅਤੇ ਪਾਠਕ-ਡਾਕਟਰ ਦੀ ਵਿਸ਼ੇਸ਼ਤਾ ਹੈ ਜੋ ਆਪਣੇ ਦਿਲ ਅਤੇ ਦਿਮਾਗ ਦੇ ਪਿੱਛੇ ਕਿਤਾਬਾਂ ਦੀ ਦੁਨੀਆ ਵਿੱਚ ਯਾਤਰਾ 'ਤੇ ਨਿਕਲਿਆ ਹੁੰਦਾ ਹੈ, ਅਤੇ ਆਪਣੀਆਂ ਭਾਵਨਾਵਾਂ ਅਤੇ ਭਾਵਨਾਵਾਂ ਦੀ ਪ੍ਰੇਰਨਾ ਨਾਲ, ਉਹ ਇਲਾਜ ਕਰਨ ਵਾਲੀਆਂ ਸਾਿ-ਹਤਕ ਜੜ੍ਹੀਆਂ ਬੂਟੀਆਂ ਦੀ ਖੋਜ ਕਰਦਾ ਹੈ, ਫਿਰ ਉਨ੍ਹਾਂ ਨੂੰ ਆਪਣੀ ਕਲਮ ਦੇ ਕਟੋਰੇ ਵਿੱਚ ਪੀਸਦਾ ਹੈ ਅਤੇ ਉਨ੍ਹਾਂ ਨੂੰ ਆਮ ਮਨਾਂ ਦੇ ਪੇਟ ਵਿੱਚ ਪਹੁੰਚਾਉਂਦਾ ਹੈ। ਫਿਰ ਚੇਤਨਾ ਦੀ ਦ੍ਰਿਸ਼ਟੀ ਵਧਣ ਲੱਗਦੀ ਹੈ। ਰੱਬ ਵੱਲੋਂ ਦਿੱਤੀਆਂ ਗਈਆਂ ਸੁਧਾਈਆਂ ਦੇ ਹੁਨਰ ਨਾਲ ਲਿਖੀਆਂ ਲਿਖਤਾਂ ਪਾਠਕਾਂ ਦੇ ਮਨਾਂ ਨੂੰ ਮੋਹਿਤ ਕਰਦੀਆਂ ਹਨ। ਲੇਖਕ ਕੁਦਰਤ ਦੀ ਜਿਸ ਦੁਨੀਆਂ ਵਿੱਚੋਂ ਲੰਘਦਾ ਹੈ ਅਤੇ ਆਪਣੀ ਲਿਖਣ ਸ਼ੈਲੀ ਨਾਲ ਉਸਨੂੰ ਆਨੰਦ ਦਿੰਦਾ ਹੈ, ਉਸਨੂੰ ਪੜ੍ਹਨ ਵਾਲਾ ਪਾਠਕ ਇਸ ਤਰ੍ਹਾਂ ਮਹਿਸੂਸ ਕਰਦਾ ਹੈ ਜਿਵੇਂ ਉਹ ਉਸ ਯੁੱਗ ਅਤੇ ਦੁਨੀਆਂ ਨੂੰ ਆਪਣੀਆਂ ਅੱਖਾਂ ਨਾਲ ਦੇਖ ਰਿਹਾ ਹੋਵੇ। ਜਾਦੂਈ ਕਲਮ ਨਾਲ ਲਿਖੀ ਕਿਤਾਬ ਦੀ ਮਹੱਤਤਾ ਕਦੇ ਘੱਟ ਨਹੀਂ ਹੁੰਦੀ। ਸਿਰਫ਼ ਪਾਠਕ ਹੀ ਕਲਮ ਦੇ ਨਵੇਂ ਕੋਣ ਤੋਂ, ਜੋਸ਼ ਅਤੇ ਉਤਸ਼ਾਹ ਨਾਲ ਭਰੇ, ਲੁਕੇ ਹੋਏ ਦ੍ਰਿਸ਼ਾਂ ਦੀ ਝਲਕ ਦੇਖ ਸਕਦੇ ਹਨ। ਗਿਆਨ ਅਤੇ ਚੇਤਨਾ ਦੀ ਧਰਤੀ ਹਮੇਸ਼ਾ ਲੇਖਕਾਂ ਅਤੇ ਪਾਠਕਾਂ ਵਰਗੇ ਫੁੱਲਾਂ ਨਾਲ ਵੱਸਦੀ ਹੈ, ਜਿਨ੍ਹਾਂ ਦੀ ਖੁਸ਼ਬੂ ਨੇ ਅਣਗਿਣਤ ਖੁਸ਼ਕਿਸਮਤ ਲੋਕਾਂ ਨੂੰ ਮੋਹਿਤ ਕੀਤਾ ਹੈ। ਕਲਮ ਦਾ ਬੀਜ ਸਾਹਿਤ ਦੀ ਮਿੱਟੀ ਵਿੱਚ ਬੀਜਿਆ ਜਾਂਦਾ ਹੈ, ਅਤੇ ਨਵੀਆਂ ਅਤੇ ਤਾਜ਼ੀਆਂ ਲਿਖਤਾਂ ਦੇ ਫਲ ਵਧਦੇ ਰਹਿੰਦੇ ਹਨ। ਜਿਹੜੇ ਲੋਕ ਬੋਲੀ ਦੀ ਧਰਤੀ 'ਤੇ ਵੱਡੇ ਹੋਏ ਹਨ, ਉਹ ਆਪਣੀਆਂ ਕਿਤਾਬਾਂ ਅਤੇ ਲਿਖਤਾਂ ਰਾਹੀਂ ਉਨ੍ਹਾਂ ਲੇਖਕਾਂ ਨੂੰ ਮਿਲਦੇ ਹਨ ਜੋ ਉਨ੍ਹਾਂ ਤੋਂ ਪਹਿਲਾਂ ਦੇ ਯੁੱਗ ਵਿੱਚ ਰਹਿੰਦੇ ਸਨ, ਜਿਨ੍ਹਾਂ ਤੋਂ ਲੇਖਕ ਦੇ ਮਨ ਨੂੰ ਸਿਖਲਾਈ ਦਿੱਤੀ ਜਾਂਦੀ ਹੈ ਤਾਂ ਜੋ ਉਨ੍ਹਾਂ ਦੁਆਰਾ ਦਰਸਾਏ ਗਏ ਮਾਰਗਾਂ 'ਤੇ ਯਾਤਰਾ ਕਰਦੇ ਹੋਏ, ਅਧਿਐਨ ਦੀ ਮਦਦ ਨਾਲ, ਨਵੀਂ ਕਲਪਨਾ ਨੂੰ ਲਿਖਤੀ ਹੋਂਦ ਵਿੱਚ ਲਿਆਂਦਾ ਜਾ ਸਕੇ। ਕੁਦਰਤ ਦੀ ਸੁੰਦਰਤਾ, ਬੀਜਾਂ ਵਾਂਗ, ਆਪਣੇ ਅੰਦਰ ਇੰਨੇ ਵਿਸ਼ਾਲ ਰੁੱਖ ਰੱਖਦੀ ਹੈ, ਜਿਨ੍ਹਾਂ ਦੇ ਹਰੇਕ ਪੱਤੇ ਅਤੇ ਟਾਹਣੀ ਦੇ ਅਣਗਿਣਤ ਅਰਥ ਅਤੇ ਦ੍ਰਿਸ਼ ਹਨ, ਹਵਾ ਦੇ ਅਣਗਿਣਤ ਝੱਖੜਾਂ ਵਾਂਗ। ਜਦੋਂ ਦ੍ਰਿਸ਼ਾਂ ਦੀਆਂ ਬੂੰਦਾਂ ਮਨ ਦੀ ਪਿਆਸੀ ਧਰਤੀ 'ਤੇ ਟਪਕ ਰਹੀਆਂ ਹੋਣ, ਤਾਂ ਰੰਗੀਨ ਲਿਖਤ ਵਿੱਚ ਬਸੰਤ ਦੀ ਸਿਆਹੀ ਨਾਲ ਕਲਮ ਨੂੰ ਨਸ਼ਾ ਕਰੋ। ਇਨ੍ਹਾਂ ਆਨੰਦਮਈ ਪਲਾਂ ਨੂੰ ਆਪਣੀ ਹੋਂਦ ਦੀ ਪਕੜ ਵਿੱਚ ਭਰੋ ਅਤੇ ਉਨ੍ਹਾਂ ਨੂੰ ਇਸ ਤਰ੍ਹਾਂ ਸੰਭਾਲੋ ਕਿ ਤੁਹਾਡੀ ਇਕਾਂਤ ਦੁਰਲੱਭ ਭਾਵਨਾਵਾਂ ਅਤੇ ਸੰਵੇਦਨਾਵਾਂ ਨਾਲ ਸ਼ਿੰਗਾਰੀ ਹੋਵੇ। ਬਹੁਤ ਘੱਟ ਲੋਕ ਹਨ ਜੋ ਆਪਣੇ ਅੰਦਰ ਇੱਕ ਇਕੱਠ ਵਾਂਗ ਰਹਿੰਦੇ ਹਨ। ਇਹ ਸਨਮਾਨ ਸਿਰਫ਼ ਇੱਕ ਲੇਖਕ ਜਾਂ ਪਾਠਕ ਨੂੰ ਹੀ ਪ੍ਰਾਪਤ ਹੁੰਦਾ ਹੈ, ਜੋ ਇੱਕ ਜ਼ਿੰਦਗੀ ਵਿੱਚ ਕਈ ਜ਼ਿੰਦਗੀਆਂ ਜੀਉਂਦਾ ਹੈ, ਕਿਤਾਬਾਂ ਦੀਆਂ ਉਂਗਲਾਂ ਫੜਦਾ ਹੈ। ਸਿਰਫ਼ ਉਹਨਾਂ ਨੂੰ ਹੀ ਇੱਕ ਅਨਮੋਲ ਸਾਥੀ ਦਾ ਅਹਿਸਾਸ ਹੁੰਦਾ ਹੈ ਜੋ ਆਪਣੀ ਚੇਤਨਾ ਦੇ ਕਦਮਾਂ ਨੂੰ ਆਪਣੀਆਂ ਲਿਖਤਾਂ ਦੇ ਨਕਸ਼ੇ-ਕਦਮਾਂ 'ਤੇ ਲੈ ਕੇ ਤੁਰਦੇ ਹਨ। ਤੁਸੀਂ ਸਾਹਿਤ ਨਾਲ ਰਹਿੰਦੇ ਹੋ, ਇਸ ਲਈ ਵਧਾਈਆਂ। ਸਾਹਿਤ ਨੇ ਤੁਹਾਨੂੰ ਜਿਉਣ ਲਈ ਚੁਣਿਆ ਹੈ। ਸੱਚਾਈ ਅਤੇ ਜਾਗਰੂਕਤਾ ਦਾ ਸਰੂਰ ਆਪਣੀਆਂ ਅੱਖਾਂ 'ਤੇ ਲਗਾਉਣ ਨਾਲ, ਤੁਸੀਂ ਹਰ ਜਗ੍ਹਾ ਪਰਮਾਤਮਾ ਨੂੰ ਵੇਖਣਾ ਅਤੇ ਅਨੁਭਵ ਕਰਨਾ ਸ਼ੁਰੂ ਕਰ ਦਿੰਦੇ ਹੋ। ਇਹ ਵਿਲੱਖਣ ਅਤੇ ਦੁਰਲੱਭ ਲੋਕ ਰੇਗਿਸਤਾਨਾਂ ਵਿੱਚ ਦੀਵਿਆਂ ਵਾਂਗ ਆਪਣੇ ਮਨਾਂ ਵਿੱਚ ਸਾਹਿਤ ਦੀ ਰੌਸ਼ਨੀ ਲੈ ਕੇ ਬੈਠੇ ਹਨ। ਉਹਨਾਂ ਨੂੰ ਭੀੜ ਦੇ ਹਨੇਰੇ ਵਿੱਚ ਰੱਖਣ ਦੀ ਸਖ਼ਤ ਲੋੜ ਹੈ, ਮਾਨਸਿਕ ਟਕਰਾਅ ਤੋਂ ਪੀੜਤ। ਉਨ੍ਹਾਂ ਦੀ ਕਦਰ ਉਨ੍ਹਾਂ ਦੇ ਬਲਣ ਲਈ ਬਾਲਣ ਹੈ। ਸਾਹਿਤ ਇਨ੍ਹਾਂ ਰਾਹੀਂ ਆਪਣੇ ਨਵੇਂ ਰੰਗਾਂ ਦਾ ਪ੍ਰਚਾਰ ਕਰਦਾ ਹੈ, ਜੋ ਸਤਿਕਾਰਯੋਗ ਲੋਕਾਂ ਦੇ ਹਿੱਸੇ ਆਉਂਦਾ ਹੈ।

ਜਿੱਥੇ ਚੇਤਨਾ ਦੇ ਸਰੀਰ ਨੂੰ ਬਦਲ ਦੇਣ ਵਾਲੀਆਂ ਲਿਖਤਾਂ ਸਵੀਕ੍ਰਿਤੀ ਵਿੱਚ ਹੱਥ ਉੱਚੇ ਕਰਕੇ ਬੈਠੀਆਂ ਹਨ, ਉੱਥੇ ਸਾਹਿਤ ਦੇ ਵਿਦਿਆਰਥੀ ਵੀ ਜੋਸ਼ ਵਿੱਚ ਆਪਣੇ ਪੈਰ ਫੈਲਾ ਕੇ ਬੈਠੇ ਹਨ। ਇਹ ਅਵਸਥਾ, ਦਿਲ ਅਤੇ ਮਨ ਦੀਆਂ ਧਰਤੀਆਂ 'ਤੇ ਵਸ ਕੇ, ਮਨੁੱਖਤਾ ਦੇ ਫੁੱਲਾਂ ਦੀ ਸੇਜ ਨੂੰ ਆਪਣੀ ਖੁਸ਼ਬੂ ਨਾਲ ਖੁਸ਼ਬੂਦਾਰ ਰੱਖਦੀ ਹੈ। ਉਹ ਬੁੱਧੀਮਾਨ ਲੋਕ ਪ੍ਰਸ਼ੰਸਾ ਦੇ ਪਾਤਰ ਹਨ ਜੋ ਸ਼ਬਦਾਂ ਦੇ ਚਿਹਰਿਆਂ ਤੋਂ ਪਰਦੇ ਹਟਾਉਂਦੇ ਹਨ ਅਤੇ ਅਰਥ ਦੇ ਅਸਲ ਸਾਰ ਤੱਕ ਪਹੁੰਚਦੇ ਹਨ, ਅਤੇ ਆਪਣੀਆਂ ਅੱਖਾਂ 'ਤੇ ਵਿਆਖਿਆਵਾਂ ਦਾ ਮਸਕਾਰਾ ਲਗਾ ਕੇ, ਉਨ੍ਹਾਂ ਨੂੰ ਯਥਾਰਥਵਾਦ ਦਾ ਇੱਕ ਮਨਮੋਹਕ ਦ੍ਰਿਸ਼ ਪ੍ਰਦਾਨ ਕਰਦੇ ਹਨ। ਇਨ੍ਹਾਂ ਲਿਖਤਾਂ ਦੇ ਲੇਖਕਾਂ ਦੇ ਦਿਲ ਦੀ ਖੁਸ਼ੀ ਜੋ ਇਸ ਸਿੱਟੇ ਤੱਕ ਲੈ ਜਾਂਦੀ ਹੈ, ਉਨ੍ਹਾਂ ਨੂੰ ਇੰਨਾ ਨਸ਼ਾ ਕਰ ਦਿੰਦੀ ਹੈ ਕਿ ਉਹ ਖੁਦ ਵੀ ਇਸਨੂੰ ਕਲਮ ਦੀ ਜ਼ੁਬਾਨ 'ਤੇ ਪ੍ਰਗਟ ਕਰਨ ਤੋਂ ਅਸਮਰੱਥ ਹਨ। ਉਹ ਕੁਦਰਤ ਦੀ ਚੁੱਪ ਪ੍ਰਸ਼ੰਸਾ ਵਿੱਚ ਡੁੱਬੇ ਰਹਿੰਦੇ ਹਨ।ਹਰ ਕੋਈ ਜ਼ਿੰਦਗੀ ਨੂੰ ਭਰੀਆਂ ਅੱਖਾਂ ਨਾਲ ਦੇਖਣਾ ਚਾਹੁੰਦਾ ਹੈ, ਪਰ ਇੱਥੇ, ਗੈਰ-ਮਿਆਰੀ ਹਾਲਾਤ ਅਤੇ ਮਾਮਲੇ ਜ਼ਿੰਦਗੀ ਦੇ ਰੰਗਾਂ ਨੂੰ ਆਪਣੇ ਪਰਦੇ ਨਾਲ ਢੱਕ ਕੇ ਇੱਕ ਲਾਸ਼ ਦਾ ਦ੍ਰਿਸ਼ ਪੇਸ਼ ਕਰਨਾ ਸ਼ੁਰੂ ਕਰ ਦਿੰਦੇ ਹਨ। ਜਿੱਥੇ ਨਕਲੀ ਦੁੱਖ ਪੈਦਾ ਕੀਤਾ ਜਾਂਦਾ ਹੈ, ਉੱਥੇ ਲੋਕ ਬੇਲੋੜੇ ਉਦਾਸ ਰਹਿਣ ਲੱਗ ਪੈਂਦੇ ਹਨ। ਪੱਥਰ ਦੀਆਂ ਇਮਾਰਤਾਂ ਵਿੱਚ ਸ਼ਾਂਤੀ ਚਾਹੁੰਦੇ ਸੜਦੇ ਸਰੀਰਾਂ ਨੂੰ ਕੋਈ ਦੱਸੇ ਕਿ ਉਹ ਚਾਂਦਨੀ ਰਾਤ ਦੇ ਤਾਰਿਆਂ ਦੀ ਛਾਂ ਵਿੱਚ ਤੰਬੂ ਲਗਾ ਕੇ ਆਤਮਾ ਦੀ ਠੰਢਕ ਦਾ ਮੁਫ਼ਤ ਵਿੱਚ ਆਨੰਦ ਮਾਣ ਸਕਦੇ ਹਨ। ਕੁਦਰਤ ਨੇ ਆਪਣੀ ਮਹਿੰਗੀ ਰਚਨਾ ਆਪਣੇ ਮਨੁੱਖਾਂ ਲਈ ਮੁਫ਼ਤ ਵਿੱਚ ਰੱਖੀ ਹੈ। ਮਨੁੱਖੀ ਹੋਂਦ ਦੀ ਬਹੁਤ ਕੀਮਤ ਹੈ। ਇਸ ਮਿੱਟੀ ਦੇ ਘੜੇ ਵਿੱਚ ਰੌਸ਼ਨੀ ਦਾ ਦੀਵਾ ਬਲਦਾ ਹੈ। ਉਸ ਘੜੇ ਨੂੰ ਬੇਕਾਰ ਨਾ ਸਮਝੋ ਜਿਸ ਵਿੱਚ ਕੁਦਰਤ ਨੇ ਆਪਣੀ ਰੋਸ਼ਨੀ ਸੰਭਾਲੀ ਹੋਈ ਹੈ। ਮਨੁੱਖੀ ਦਿਲ ਪਰਮਾਤਮਾ ਦਾ ਸਿੰਘਾਸਣ ਹੈ। ਦਿਲ ਦੇ ਸਿੰਘਾਸਣ 'ਤੇ, ਜਿੱਥੇ ਪਰਮਾਤਮਾ ਬੈਠਾ ਹੈ, ਜ਼ਿੰਦਗੀ ਹੱਥ ਜੋੜ ਕੇ ਖੜ੍ਹੀ ਹੈ ਤਾਂ ਜੋ ਜ਼ਿੰਦਗੀ ਵਿੱਚ ਕੋਈ ਗਲਤੀ ਨਾ ਹੋਵੇ। ਸਾਹਿਤ ਹਰ ਜੀਵਤ ਮਨੁੱਖ ਨੂੰ ਇਸ ਮੁਕਾਮ 'ਤੇ ਪਹੁੰਚਾਉਣਾ ਚਾਹੁੰਦਾ ਹੈ ਜਿੱਥੇ ਉਦੇਸ਼ਹੀਣ ਯਾਤਰਾਵਾਂ 'ਤੇ ਥੱਕਣ ਵਾਲਿਆਂ ਨੂੰ ਸਹੀ ਦਿਸ਼ਾ ਦਿੱਤੀ ਜਾ ਸਕੇ ਅਤੇ ਖਿੰਡੇ ਹੋਏ ਮਨੁੱਖਾਂ ਨੂੰ ਇਕੱਠਾ ਕਰਕੇ ਵਾਪਸ ਲਿਆਂਦਾ ਜਾ ਸਕੇ। ਸਿਰਫ਼ ਸਾਹਿਤ ਹੀ ਇਹ ਹਿੰਮਤ ਪੈਦਾ ਕਰ ਸਕਦਾ ਹੈ ਕਿ ਤੁਸੀਂ ਕਿਸੇ ਨੂੰ ਆਪਣੀ ਜਗ੍ਹਾ ਲੈ ਸਕਦੇ ਹੋ। ਉਨ੍ਹਾਂ ਦੇ ਮੋਢਿਆਂ 'ਤੇ ਬੈਠੋ ਅਤੇ ਕਹੋ, "ਦੇਖੋ, ਤੁਹਾਡਾ ਕੱਦ ਮੇਰੇ ਨਾਲੋਂ ਵੀ ਉੱਚਾ ਹੋ ਗਿਆ ਹੈ। ਪੜ੍ਹਨ ਅਤੇ ਸੁਣਨ ਦੀ ਸਿਆਣਪ ਨੂੰ ਇੰਨਾ ਵਧਾਓ ਕਿ ਤੁਹਾਡੀ ਗੱਲਬਾਤ ਮਨਮੋਹਕ ਹੋ ਜਾਵੇ ਅਤੇ ਲੋਕ ਦੁਨੀਆ ਦੇ ਗੁੰਝਲਦਾਰ ਰਸਤਿਆਂ 'ਤੇ ਚੱਲਣ ਦਾ ਹੁਨਰ ਹਾਸਲ ਕਰ ਲੈਣ। ਉਨ੍ਹਾਂ ਲੋਕਾਂ ਲਈ ਰਸਤੇ ਦੇ ਕੰਡਿਆਂ ਨੂੰ ਦੂਰ ਕਰਨ ਦਾ ਸਾਧਨ ਬਣੋ ਜੋ ਤੁਹਾਡੇ ਤੋਂ ਬਾਅਦ ਆਉਂਦੇ ਹਨ, ਆਸਾਨੀ, ਚੰਗਿਆਈ ਅਤੇ ਸੁਧਾਰ ਦੇ ਸਾਧਨਾਂ ਨੂੰ ਪਿੱਛੇ ਛੱਡ ਕੇ, ਅਤੇ ਹਮੇਸ਼ਾ ਲਈ ਉਨ੍ਹਾਂ ਵਿੱਚ ਰਹੋ।"

ਜਦੋਂ, ਦੁਨਿਆਵੀ ਹਿੱਤਾਂ ਦੀ ਰਣਨੀਤੀ ਵਿੱਚ, ਲੋਕ ਰਾਜਨੀਤੀ ਦੀਆਂ ਹਥੇਲੀਆਂ ਤੋਂ ਲਾਭ ਉਠਾਉਣ ਲਈ ਸੱਤਾਧਾਰੀ ਲੋਕਾਂ ਦੇ ਪੈਰ ਫੜਨ ਲਈ ਤਿਆਰ ਹੁੰਦੇ ਹਨ, ਤਾਂ ਸਾਹਿਤ ਉਨ੍ਹਾਂ ਲੋਕਾਂ ਨੂੰ ਦਿਲਾਂ ਦਾ ਤਖਤ ਭੇਟ ਕਰਨ ਦਾ ਰਸਤਾ ਦਿਖਾਉਂਦਾ ਹੈ ਜੋ ਕਮਜ਼ੋਰਾਂ ਦੇ ਹੱਥ ਫੜਦੇ ਹਨ। ਹਰ ਯੁੱਗ ਵਿੱਚ ਜੋ ਜ਼ਿੰਦਗੀ ਦੇ ਟੁਕੜਿਆਂ ਨੂੰ ਬੇਕਾਰ ਰਾਜਨੀਤੀ ਦੀ ਨੋਕ ਨਾਲ ਤੋੜਦਾ ਹੈ, ਸਾਹਿਤ ਮਨੁੱਖਤਾ ਵਿੱਚ ਪਿਆਰ ਦੇ ਟਾਂਕੇ ਸਿਉਂਦਾ ਰਹਿੰਦਾ ਹੈ ਅਤੇ ਆਪਣੇ ਪ੍ਰੇਮੀਆਂ ਨੂੰ ਇਹ ਹੁਨਰ ਸਿਖਾਉਂਦਾ



ਲਿਖਤ: ਜ਼ਫ਼ਰ ਇਕਬਾਲ ਜ਼ਫ਼ਰ

ਹੈ ਕਿ ਉਹ ਕੁੜੱਤਣ ਅਤੇ ਦੁੱਖ ਕਿਵੇਂ ਸਾਂਝੇ ਕਰ ਸਕਦੇ ਹਨ। ਦਰਅਸਲ, ਕੁਦਰਤ ਦੀ ਸਿਰਜਣਾ, ਭਾਵਨਾਵਾਂ, ਭਾਵਨਾਵਾਂ ਅਤੇ ਭਾਵਨਾਵਾਂ ਦੇ ਸੁੰਦਰ ਪ੍ਰਤੀਬਿੰਬ ਨਾਲ ਮਨੁੱਖੀ ਮਨਾਂ ਨੂੰ ਕੈਦ ਕਰਨ ਅਤੇ ਉਨ੍ਹਾਂ ਨੂੰ ਜੀਣ ਦਾ ਸੱਚਾ ਆਨੰਦ ਮਾਣਨ ਵਿੱਚ ਕਲਮ ਦਾ ਹੱਥ ਹੈ। ਅਤੇ ਇੱਜ਼ਤ ਅਤੇ ਪਿਆਰ ਦਾ ਨਾਮ ਵੀ ਉਸ ਦੇ ਹੱਥ ਵਿੱਚ ਹੀ ਪੈਦਾ ਹੁੰਦਾ ਹੈ ਜਿਸ ਕੋਲ ਕਲਮ ਹੈ। ਜਿਵੇਂ ਸੁਪਨੇ ਸਾਨੂੰ ਬੰਦ ਅੱਖਾਂ ਨਾਲ ਪਿਛਲੇ ਯੁੱਗ ਦੀ ਯਾਤਰਾ ਕਰਨ ਲਈ ਮਜਬੂਰ ਕਰਦੇ ਹਨ, ਉਸੇ ਤਰ੍ਹਾਂ ਕਿਤਾਬਾਂ ਵਿੱਚ ਖੁੱਲ੍ਹੀਆਂ ਅੱਖਾਂ ਨਾਲ ਦੇਖਣ ਦੇ ਯੋਗ ਹੋਣ ਦਾ ਵਿਸ਼ੇਸ਼ ਗੁਣ ਹੁੰਦਾ ਹੈ। ਇਹ ਤੁਹਾਨੂੰ ਪਰਮਾਤਮਾ ਵੱਲੋਂ ਆਉਣ ਵਾਲੇ ਹਰ ਚੰਗੇ ਵਿਚਾਰ ਨੂੰ ਲਿਖਣ ਲਈ ਮਾਰਗਦਰਸ਼ਨ ਕਰਦਾ ਹੈ, ਕਿਉਂਕਿ ਇਹ ਇੱਕ ਅਮਾਨਤ ਹੈ ਜਿਸਨੂੰ ਅਣਜਾਣ ਲੋਕਾਂ ਤੱਕ ਪਹੁੰਚਾਉਣਾ ਤੁਹਾਡਾ ਫਰਜ਼ ਹੈ।

ਸਮਾਜ ਦੀਆਂ ਸਮੱਸਿਆਵਾਂ ਉਨ੍ਹਾਂ ਲੋਕਾਂ ਦੁਆਰਾ ਹੱਲ ਨਹੀਂ ਕੀਤੀਆਂ ਜਾ ਰਹੀਆਂ ਜੋ ਆਪਣੇ ਮਨਾਂ ਨੂੰ ਅੰਗਰੇਜ਼ੀ ਲਾਲਟੈਣਾਂ ਦੀ ਰੌਸ਼ਨੀ ਨਾਲ ਭਰਦੇ ਹਨ। ਅਜਿਹੀ ਸਥਿਤੀ ਵਿੱਚ, ਮਾਂ-ਬੋਲੀ ਅਤੇ ਰਾਸ਼ਟਰੀ ਭਾਸ਼ਾ ਦੇ ਸੂਰਜ ਨੂੰ ਚੜ੍ਹਾਉਣ ਲਈ ਸਾਹਿਤ ਨੂੰ ਉਤਸ਼ਾਹਿਤ ਕਰਨਾ ਸਮੇਂ ਦੀ ਲੋੜ ਹੈ। ਇੱਕੋ ਸਮਾਜ ਵਿੱਚ ਰਹਿਣ ਵਾਲਿਆਂ ਦੀਆਂ ਸਮੱਸਿਆਵਾਂ ਵੀ ਇੱਕੋ ਜਿਹੀਆਂ ਹਨ। ਇਸ ਲਈ, ਵਿਅਕਤੀਗਤ ਤੌਰ 'ਤੇ ਚਿੰਤਤ ਹੋਣ ਦੀ ਬਜਾਏ, ਸਮੂਹਿਕ ਸ਼ਕਤੀ ਰਾਹੀਂ ਖੁਸ਼ਹਾਲੀ ਲਿਆਉਣ ਲਈ ਸਾਹਿਤ ਤੋਂ ਵਧੀਆ ਕੋਈ ਸ਼ਕਤੀ ਨਹੀਂ ਹੈ। ਇਸ ਵੰਡੇ ਹੋਏ ਸਮਾਜ ਨੂੰ ਫਿਰਕਾਪ੍ਰਸਤੀ ਅਤੇ ਫਿਰਕਾਪ੍ਰਸਤੀ ਨਾਲ ਜੋੜਨ ਲਈ, ਜੇਕਰ ਇਸਲਾਮ ਨੂੰ ਸਾਹਿਤ ਦੀ ਭਾਸ਼ਾ ਰਾਹੀਂ ਬੋਲਿਆ ਜਾਂਦਾ ਹੈ, ਤਾਂ ਹਰ ਕੰਨ ਇਸਨੂੰ ਖੁਸ਼ੀ ਨਾਲ ਸਵੀਕਾਰ ਕਰ ਲਵੇ। ਜੇਕਰ ਇਹ ਰਣਨੀਤੀ ਵਿਕਸਤ ਕੀਤੀ ਜਾਂਦੀ ਹੈ, ਤਾਂ ਸਭ ਕੁਝ ਸੁਣਿਆ ਜਾਂਦਾ ਹੈ। ਇਸ ਜੁਗਤ ਨੂੰ ਸਿਖਾਉਣ ਲਈ, ਸਾਹਿਤਕ ਸਕੂਲ ਸਥਾਪਤ ਕਰਨਾ ਬਹੁਤ ਜ਼ਰੂਰੀ ਹੈ ਜਿੱਥੇ ਕਿਤਾਬਾਂ ਦੇ ਘੇਰੇ ਵਿੱਚ ਨਵੇਂ ਵਿਚਾਰ ਪ੍ਰਫੁੱਲਤ ਹੋ ਸਕਣ। ਜਿਹੜੇ ਲੋਕ ਇਨ-ਕਲਾਬ ਕਾਰਨ ਆਪਣੇ ਦਿਲ ਗੁਆ ਬੈਠੇ ਹਨ ਅਤੇ ਲਿਖਣ ਦੇ ਰਾਹ ਤੋਂ ਭਟਕ ਗਏ ਹਨ, ਉਨ੍ਹਾਂ ਨੂੰ ਆਤਮਵਿਸ਼ਵਾਸ ਅਤੇ ਹਿੰਮਤ ਨਾਲ ਭਰਨ ਲਈ ਇੱਕ ਦਰਸ਼ਕ ਅਤੇ ਇੱਕ ਮੰਚ ਵਾਲਾ ਵਾਤਾਵਰਣ ਪ੍ਰਦਾਨ ਕੀਤਾ ਜਾਣਾ ਚਾਹੀਦਾ ਹੈ।

ਦਿਲ ਦੇ ਦਰਦ ਨੂੰ ਸ਼ਬਦਾਂ ਅਤੇ ਸੁਰਾਂ ਵਿੱਚ ਪਾਓ ਅਤੇ ਕੰਨਾਂ ਵਿੱਚ ਪਾਓ। ਇੱਕ ਲਹਿਰ ਨੇ ਜਨਮ ਲਿਆ ਹੈ। ਇਸ ਤਰ੍ਹਾਂ ਲਿਖੋ ਕਿ ਲੋਕਾਂ ਦੇ ਜੀਵਨ, ਗੱਲਾਂ ਕਰਨ ਅਤੇ ਚੱਲਣ-ਫਿਰਨ ਦੀਆਂ ਤਸਵੀਰਾਂ ਉਨ੍ਹਾਂ ਦੇ ਸਾਹਮਣੇ ਆਉਣ ਅਤੇ ਉਹ ਆਪਣੀਆਂ ਕਮੀਆਂ ਦੇਖ ਸਕਣ ਅਤੇ ਉਨ੍ਹਾਂ ਨੂੰ ਖੁਦ ਸੁਧਾਰ ਸਕਣ।

ਇਹ ਉਰਦੂ ਭਾਸ਼ਾ, ਜੋ ਅੱਠ ਸੌ ਸਾਲ ਤੋਂ ਵੱਧ ਪੁਰਾਣੀ ਹੈ ਅਤੇ ਇਸਨੇ ਬਹੁਤ ਸਾਰੇ ਮਨ ਅਤੇ ਯੁੱਗ ਦੇਖੇ ਹਨ, ਬਹੁਤ ਸਾਰੀਆਂ ਕਹਾਣੀਆਂ, ਹਾਲਾਤ ਅਤੇ ਘਟਨਾਵਾਂ ਵੇਖੀਆਂ ਹਨ। ਉਨ੍ਹਾਂ ਨੂੰ ਬਿਆਨ ਕਰਨ ਲਈ, ਅਜਿਹੇ ਲੇਖਕਾਂ ਦੀ ਲੋੜ ਹੈ ਜਿਨ੍ਹਾਂ ਕੋਲ ਵਰਤਮਾਨ ਵਿੱਚ ਭੂਤਕਾਲ ਅਤੇ ਭਵਿੱਖ ਨੂੰ ਪ੍ਰਤੀਬਿੰਬਤ ਕਰਨ ਦੀ ਯੋਗਤਾ ਹੋਵੇ। ਸਾਹਿਤ ਨੇ ਇੱਕ ਦੂਜੇ ਨੂੰ ਸਵੀਕਾਰ ਨਾ ਕਰਨ ਵਾਲੇ ਮਾਨਸਿਕ ਗਰੀਬੀ ਨਾਲ ਜੂਝ ਰਹੇ ਸਮਾਜ ਦੇ ਪੱਥਰਾਂ ਨੂੰ ਪੁੱਟਣ ਅਤੇ ਚੰਗੇ ਵਿਵਹਾਰ ਦੇ ਹੀਰੇ ਅਤੇ ਮੋਤੀ ਕੱਢਣ ਦੇ ਆਸਾਨ ਤਰੀਕੇ ਦਿਖਾਏ ਹਨ। ਹਰ ਕਿਤਾਬ ਅਤੇ ਸਾਹਿਤ ਦੀ ਲਿਖਤ ਇੱਕ ਅਜਿਹਾ ਦਾਣਾ ਹੈ ਜੋ ਇੱਕ ਸੁਆਦੀ ਫਲ ਬਾਰੇ ਦੱਸਦਾ ਹੈ ਜੋ ਰੂਹ ਨੂੰ ਮਿਠਾਸ ਨਾਲ ਭਰ ਦਿੰਦਾ ਹੈ। ਸਾਹਿਤ ਆਤਮਾ ਉੱਤੇ ਲੱਗੇ ਹੰਕਾਰ ਅਤੇ ਹੰਕਾਰ ਦੇ ਬਦਬੂਦਾਰ ਕੱਪੜਿਆਂ ਨੂੰ ਉਤਾਰ ਦਿੰਦਾ ਹੈ ਅਤੇ ਇੱਕ ਗਰੀਬ ਦਰਵੇਸ਼ ਦੇ ਖੁਸ਼ਬੂਦਾਰ ਤੱਪੜ ਨੂੰ ਪਹਿਨਾਉਂਦਾ ਹੈ। ਜਿੱਥੇ ਅਗਿਆਨਤਾ ਮਨੁੱਖੀ ਮਨ ਨੂੰ ਆਪਣੇ ਸੁਭਾਅ ਦੀ ਕੈਦ ਵਿੱਚ ਰੱਖਦੀ ਹੈ, ਉੱਥੇ ਸਾਹਿਤ ਹਮੇਸ਼ਾ ਚੇਤਨਾ ਨੂੰ ਆਜ਼ਾਦ ਕਰਕੇ ਜ਼ਮੀਰ ਦੇ ਜੱਜ ਅੱਗੇ ਹਾਜ਼ਰ ਹੁੰਦਾ ਹੈ। ਸਾਹਿਤ ਉਹ ਬ੍ਰਹਮ ਭਾਸ਼ਾ ਹੈ ਜਿਸ ਦੇ ਬੁਲਾਰਿਆਂ ਨੇ ਮਨੁੱਖਤਾ ਦੀ ਚੜ੍ਹਤ ਪ੍ਰਾਪਤ ਕੀਤੀ ਹੈ। ਇਸੇ ਲਈ ਹਰ ਚੰਗੇ ਸ਼ਬਦ ਨੂੰ ਦਾਨ ਦਾ ਦਰਜਾ ਪ੍ਰਾਪਤ ਹੈ। ਸ਼ੁੱਧ ਭਾਸ਼ਾ ਸਮਾਜ ਦੇ ਮਨਾਂ ਨੂੰ ਗੱਲਬਾਤ ਦੀ ਖੁਸ਼ਬੂ ਨਾਲ ਖੁਸ਼ਬੂਦਾਰ ਬਣਾਉਂਦੀ ਹੈ, ਇਸੇ ਲਈ ਹਰ ਮਨੁੱਖ ਦੀ ਕੀਮਤ ਉਸਦੀ ਜੀਭ ਦੇ ਹੇਠਾਂ ਰੱਖੀ ਗਈ ਹੈ। ਸਭ ਤੋਂ ਪਾਪੀ ਲੋਕ ਵੀ ਆਪਣੇ ਸ਼ਬਦਾਂ ਨੂੰ ਸਾਹਿਤ ਦੇ ਜੀਵਨ-ਰਹਿਤ ਨਾਲ ਸਿੰਜ ਕੇ ਆਪਣੀਆਂ ਯਾਦਾਂ ਆਪਣੇ ਪਿੱਛੇ ਛੱਡ ਗਏ ਹਨ। ਕਿਸੇ ਦੇ ਸ਼ਬਦਾਂ ਨੂੰ ਆਪਣੇ ਸ਼ਬਦਾਂ ਵਾਂਗ ਪੇਸ਼ ਕਰਨਾ ਕੋਈ ਅਸਾਧਾਰਨ ਸਥਿਤੀ ਨਹੀਂ ਹੈ। ਜਿਸ ਤਰ੍ਹਾਂ ਮਹਾਨ ਪੈਗੰਬਰ ਧਰਮ ਦੇ ਰਾਖੇ ਬਣੇ ਅਤੇ ਆਪਣੇ ਕੰਮਾਂ ਰਾਹੀਂ ਉਨ੍ਹਾਂ ਨੂੰ ਮਿਲਾਵਟ ਤੋਂ ਮੁਕਤ ਰੱਖਿਆ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਸੌਂਪਿਆ, ਉਹ ਮਨੁੱਖਤਾ ਦੀ ਦੁਨੀਆਂ ਵਿੱਚ ਹਮੇਸ਼ਾ ਲਈ ਕਾਇਮ ਰਹੇ। ਫਿਰ, ਜਿਸ ਤਰ੍ਹਾਂ ਗਰੀਬ ਅਤੇ ਦਰਵੇਸ਼ ਸੁਭਾਅ ਦੇ ਲੇਖਕਾਂ ਨੇ ਧਰਤੀ 'ਤੇ ਸਵਰਗੀ ਵਿਗਿਆਨਾਂ ਨੂੰ ਇਸ ਤਰ੍ਹਾਂ ਖਿੰਡਾ ਦਿੱਤਾ ਕਿ ਹਰ ਧਰਮ ਦੇ ਲੋਕ ਪ੍ਰਭਾਵਿਤ ਹੋਏ ਬਿਨਾਂ ਨਾ ਰਹਿ ਸਕੇ। ਮਨੁੱਖਤਾ ਨੂੰ ਜੋੜਨ ਵਾਲੇ ਸਾਹਿਤ ਦੇ ਇਸ ਚਮਤਕਾਰ ਨੂੰ ਕਿਸੇ ਦਲੀਲ ਦੀ ਲੋੜ ਨਹੀਂ ਹੈ। ਇਸੇ ਲਈ ਇਸਲਾਮ ਦੇ ਵਿਆਖਿਆਕਾਰਾਂ ਨੇ ਪਹਿਲਾਂ ਹੀ ਕਿਹਾ ਸੀ, "ਇਹ ਨਾ ਦੇਖੋ ਕਿ ਇਹ ਕੌਣ ਕਹਿ ਰਿਹਾ ਹੈ, ਦੇਖੋ ਕਿ ਇਹ ਕੀ ਕਹਿ ਰਿਹਾ ਹੈ, ਤਾਂ ਜੋ ਤੁਸੀਂ ਉਨ੍ਹਾਂ ਲੋਕਾਂ ਵਿੱਚ ਗਿਣੇ ਜਾਵੋ ਜੋ ਸੱਚ ਨਾਲ ਸਹਿਮਤ ਹਨ।" ਸਾਹਿਤ ਨੇ ਅੱਗ ਬੁਝਾਊ ਬਿਆਨਬਾਜ਼ੀ ਦਾ ਵਿਰੋਧ ਕੀਤਾ ਅਤੇ ਆਪਣੀ ਗੱਲ ਧੀਮੀ ਅਤੇ ਮਿੱਠੀ ਸੁਰ ਵਿੱਚ ਪੇਸ਼ ਕੀਤੀ। ਇਸਨੂੰ ਇੱਕ ਪਲੇਟ ਵਿੱਚ ਰੱਖ ਕੇ, ਇਹ ਇਸਨੂੰ ਇਸ ਤਰੀਕੇ ਨਾਲ ਪੇਸ਼ ਕਰਦਾ ਹੈ ਕਿ ਸੁਣਨ ਵਾਲਾ ਤੁਹਾਡਾ ਬਣ ਜਾਂਦਾ ਹੈ। ਕੀ ਮੈਂ ਇਹ ਕਹਾਂ ਕਿ ਇਹ ਪਰਮਾਤਮਾ ਦੀ ਸ਼ਕਤੀ ਹੈ ਜਾਂ ਉਨ੍ਹਾਂ ਲੋਕਾਂ ਦੀ ਕਮਜ਼ੋਰੀ ਜੋ ਸਮਾਜ ਦੀ ਸੁੰਦਰਤਾ ਦੀ ਜ਼ਿੰਮੇਵਾਰੀ ਨਹੀਂ ਲੈਂਦੇ, ਕਿ ਇੱਥੇ ਗੁਲਾਮ ਕੁੜੀ ਰਾਣੀ ਬਣ ਗਈ ਹੈ ਅਤੇ ਰਾਣੀ ਆਪਣਾ ਮੂੰਹ ਲੁਕਾ ਕੇ ਕੋਨੇ ਵਿੱਚ ਬੈਠੀ ਹੈ। ਭਾਸ਼ਾ ਦਾ ਪ੍ਰਭਾਵ ਭਾਸ਼ਾ ਉੱਤੇ ਪੈਣ ਲੱਗ ਪਵੇਗਾ। ਤੁਹਾਨੂੰ ਵਿਗਿਆਨ ਅਤੇ ਸਾਹਿਤ ਦੀਆਂ ਲਾਇਬ੍ਰੇਰੀਆਂ ਦਾ ਵਿਸਤਾਰ ਕਰਨਾ ਚਾਹੀਦਾ ਹੈ, ਭਾਵੇਂ ਤੁਹਾਡੀ ਆਪਣੀ ਭਾਸ਼ਾ ਵਿੱਚ ਵੀ, ਕਲਾ ਫੈਕਟਰੀਆਂ ਚਲਾਉਣੀਆਂ ਚਾਹੀਦੀਆਂ ਹਨ, ਅਤੇ ਕਾਵ ਦੀਆਂ ਟਾਹਣੀਆਂ 'ਤੇ ਸ਼ਾਨ ਦੇ ਫੁੱਲਾਂ ਦੀ ਦੇਖਭਾਲ ਕਰਨੀ ਚਾਹੀਦੀ ਹੈ ਤਾਂ ਜੋ ਨਵੀਂ ਪੀੜ੍ਹੀਆਂ ਮਾਣਮੱਤੇ ਮਨੁੱਖਤਾ ਦਾ ਫੁੱਲਾਂ ਦਾ ਬਿਸਤਰਾ ਬਣਾ ਸਕਣ।

ਤਿੰਨ ਦਿਨਾਂ ਦੇ ' ਸੰਧੂਰ ਅਪਰੇਸ਼ਨ ' ਨੇ ਰਣਨੀਤਕ ਦਬਦਬਾ ਕਾਇਮ ਕੀਤਾ

ਪਹਿਲਗਾਮ ਵਿਖੇ ਸੈਲਾਨੀਆਂ ਤੇ ਹੋਏ ਕਾਇਰਤਾਪੂਰਨ ਹਮਲੇ ਤੋਂ ਬਾਅਦ ਭਾਰਤ ਨੂੰ ਇਕਦਮ ਅਜਿਹੇ ਫੈਸਲੇ ਲੈਣੇ ਪਏ ਤਾਂ ਕਿ ਗੁਆਂਢੀ ਦੇਸ਼ ਨੂੰ ਅਜਿਹੀਆਂ ਗਤੀਵਿਧੀਆਂ ਕਰਨ ਤੋਂ ਉਸਦੀ ਤੌਬਾ ਕਰਵਾਈ ਜਾ ਸਕੇ। ਵਿਆਪਕ ਕੂਟਨੀਤਕ ਅਖਾੜੇ ਵਿੱਚ ਸੰਸਾਰ ਦੀਆਂ ਸੁਪਰੀਮ ਤਾਕਤਾਂ ਨੂੰ ਭਾਰਤ ਦੇ ਅਗਲੇ ਫੈਸਲੇ ਬਾਰੇ ਸੂਚਿਤ ਕਰ ਦਿੱਤਾ ਗਿਆ ਸੀ । ਬੇਸ਼ੱਕ ਭਾਰਤ ਦੇਸ਼ ਕਦੇ ਵੀ ਗੁਆਂਢੀ ਦੇਸ਼ਾਂ ਨਾਲ ਜੰਗ ਵਰਗੇ ਹਾਲਾਤਾਂ ਤੋਂ ਬਚਣ ਦੀ ਕੋਸ਼ਿਸ਼ ਕਰਦਾ ਆਇਆ ਹੈ। ਪਰ ਮਜ਼ਬੂਰਨ ਨਾ ਚਾਹੁੰਦੇ ਹੋਏ ਵੀ ਜੰਗ ਵਰਗਾ ਮਾਹੌਲ ਪੈਦਾ ਕਰਨਾ ਪਿਆ। ਕਹਿ ਸਕਦੇ ਹਾਂ ਮਰਦੀ ਨੂੰ ਅੱਕ ਚੱਬਣਾ ਪਿਆ। ਜਿਸਨੂੰ ' ਸੰਧੂਰ ਅਪਰੇਸ਼ਨ ' ਦਾ ਨਾਂ ਦਿੱਤਾ ਗਿਆ।

ਭਾਰਤ ਨੇ 7,8 ਅਤੇ 9 ਮਈ ਨੂੰ ਪਾਕਿਸਤਾਨ ਵਿਚਲੇ ਦਹਿਸ਼ਤਗਰਦਾਂ ਦੇ ਅੱਡਿਆਂ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕੀਤਾ। ਦੇਸ਼ ਨੂੰ ਆਪਣੀ ਸੈਨਿਕ ਸ਼ਕਤੀ ਤੇ ਮਾਣ ਸੀ। ਇਹ ਮਾਣ ਸੈਨਿਕਾਂ ਨੇ 7 ਮਈ ਨੂੰ ਪਾਕਿਸਤਾਨੀ ਪੰਜਾਬ ਦੇ ਤਿੰਨ ਅਤੇ ਮਕਬੂਜਾ ਕਸ਼ਮੀਰ ਵਿਚਲੇ ਛੇ ਦਹਿਸ਼ਤਗਰਦੀ ਟਿਕਾਣਿਆਂ ਨੂੰ ਮਲੀਆਮੇਟ ਕਰਦਿਆਂ ਕਾਇਮ ਰੱਖਿਆ। ਇਸੇ ਤਰ੍ਹਾਂ ਹੀ 8 ਮਈ ਅਤੇ 9 ਮਈ ਨੂੰ ਆਪਣੀ ਰਣਨੀਤਕ ਸ਼ਕਤੀ ਦਾ ਵਧੀਆ ਮੁਜ਼ਾਹਰਾ ਕੀਤਾ। ਜਿਸ ਨਾਲ ਸਭ ਤੋਂ ਵੱਡਾ ਹਮਲਾ ਬਹਾਵਲਪੁਰ, ਮੁਰੀਦਾਕੇ, ਚਕਲਾਲਾ ਏਅਰਬੇਸ ਆਦਿ ਥਾਵਾਂ ਤੇ ਕੀਤਾ ਗਿਆ। ਭਾਰਤੀ ਹਵਾਈ ਫੌਜ ਨੇ ਧੜਾਧੜ ਡਰੋਨਾਂ ਰਾਹੀਂ ਅਤੇ ਲੜਾਕੂ ਜਹਾਜ਼ਾਂ ਰਾਹੀਂ ਪੂਰੀ ਤਬਾਹੀ ਮਚਾ ਦਿੱਤੀ। ਭਾਰਤ ਦੇ ਇਸ ਪ੍ਰਦਰਸ਼ਨ ਨੇ ਦੁਨੀਆ ਨੂੰ ਹੈਰਾਨ ਕਰ ਦਿੱਤਾ। ਭਾਰਤੀ ਫ਼ੌਜ ਨੇ ਪਾਕਿਸਤਾਨ ਦੇ ਵਿਦੇਸ਼ੀ ਡਰੋਨਾਂ ਅਤੇ ਮਿਜ਼ਾਇਲਾਂ ਨੂੰ ਤਿਣਕਾ ਤਿਣਕਾ ਕਰਕੇ ਬਿਖੇਰ ਦਿੱਤਾ। ਪਾਕਿਸਤਾਨੀ ਡਰੋਨਾਂ ਅਤੇ ਮਿਜ਼ਾਇਲਾਂ ਨੂੰ ਬਾਰਡਰ ਟੱਪਦਿਆਂ ਹੀ ਭਾਰਤ ਦੇ ਸੁਦਰਸ਼ਨ ਚੱਕਰ (ਸ਼-400) ਨੇ ਫੁੰਡਣੇ ਸ਼ੁਰੂ ਕਰ ਦੇਣੇ। ਪਾਕਿਸਤਾਨ ਦੀ ਇਕ ਮਿਜ਼ਾਇਲ ਨੂੰ ਭਾਰਤੀ ਪੰਜਾਬ ਟੱਪਦਿਆਂ ਹੀ ਸਿਰਸਾ ਪਾਰ ਕਰਦਿਆਂ ਹੀ ਜ਼ਮੀਨ ਤੇ ਸੁੱਟ ਲਿਆ। ਭਾਰਤ ਨੇ ਆਪਣੇ ਇਸ ਅਪਰੇਸ਼ਨ ਰਾਹੀਂ ਪਾਕਿ-ਸਤਾਨ ਦੀ ਆਮ ਵਸੋਂ ਨੂੰ ਬਚਾ ਕੇ ਨਿਸ਼ਾਨੇ ਸਾਧੇ ਸਨ। ਇਹ ਤਿੰਨ ਦਿਨਾਂ ਦੀ ਜੰਗ ਦੌਰਾਨ ਭਾਰਤ ਨੇ ਚੀਨ,ਇਰਾਨ ਅਤੇ ਤੁਰਕੀ ਦੁਆਰਾ ਪਾਕਿਸਤਾਨ ਨੂੰ ਭੇਜੇ ਗਏ ਹਥਿਆਰ ਅਤੇ ਜੰਗੀ ਉਪਕਰਣਾਂ ਨੂੰ ਠੁਸ ਕਰ ਦਿੱਤਾ। ਚੀਨ ਏਸ਼ੀਆ ਵਿੱਚ ਆਪਣੇ ਆਪ ਨੂੰ ਸਭ ਤੋਂ ਸ਼ਕਤੀਸ਼ਾਲੀ ਮੰਨਦਾ ਸੀ, ਉਸ ਨੂੰ ਵੀ ਸੋਚਣ ਲਈ ਮਜ਼ਬੂਰ ਕਰ ਦਿੱਤਾ ਕਿ ਭਾਰਤ ਹੁਣ 1962 ਵਾਲਾ ਭਾਰਤ ਨਹੀਂ ਰਿਹਾ। ਪਾਕਿਸਤਾਨ ਵੀ ਚੀਨੀ ਹਥਿਆਰ ਅਤੇ ਹੋਰ ਰੱਖਿਅਕ ਸਿਸਟਮ ਤੇ ਅੰਨੇਵਾਹ ਖ਼ਰਚ ਕਰ ਰਿਹਾ ਸੀ। ਆਪਣਾ ਗੁਆਂਢੀ ਆਪਣੀ ਤਬਾਹੀ ਦੇਖ ਕੇ ਕੱਲ੍ਹ ਨੂੰ ਚੀਨ ਤੋਂ ਹਥਿਆਰਾਂ ਦੇ ਜ਼ਖੀਰੇ ਖਰੀਦਣ ਲਈ ਸੌ ਵਾਰ ਸੋਚ ਕਿ ਫੈਸਲਾ ਕਰੇਗਾ। ਤੁਰਕੀ ਵੱਲੋਂ ਭੇਜੇ ਗਏ ਡਰੋਨ 'ਫੁਸ ਪਟਾਕੇ ' ਸਿੱਧ ਕਰ ਦਿੱਤੇ। ਇਹ ਤਿੰਨ ਦਿਨਾਂ ਦੇ ' ਸੰਧੂਰ ਅਪਰੇਸ਼ਨ' ਨੇ ਬਾਕੀ ਦੇਸ਼ਾਂ ਦੇ ਵੀ ਮੂੰਹ ਵਿੱਚ ਉਂਗਲਾਂ ਪਵਾ ਦਿੱਤੀਆਂ। ਪਾਕਿ-ਸਤਾਨ ਨੂੰ ਆਪਣੀ ਪਿੱਠ ਪਿੱਛੇ ਚੀਨ ਦੇ ਖੜ੍ਹੇ ਹੋਣ ਦਾ ਹੌਸਲਾ ਸੀ। ਭਾਰਤ ਨੂੰ ਆਪਣੀ ਜਲ, ਥਲ ਅਤੇ ਹਵਾਈ ਫ਼ੌਜ ਦੀ ਮੁਹਾਰਤ ਦਾ ਪਤਾ ਲੱਗਿਆ ਹੈ। ਨਵੀਂ ਤਕਨਾਲੋਜੀ ਅਤੇ ਵਧੀਆ ਸਾਜ਼ੋ ਸਾਮਾਨ ਨੇ ਫਰਾਂਸ ਵਰਗੀਆਂ ਸੈਨਾਵਾਂ ਤੋਂ ਵੀ ਉੱਚਾ ਰੁਤਬਾ ਹਾਸਲ ਕੀਤਾ ਹੈ। ਭਾਰਤ ਦੀ ਰਣਨੀਤਕ ਭੂਮਿਕਾ ਫੈਸਲਾਕੁੰਨ ਸਾਬਤ ਹੋਈ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਚੀਨ ਹੁਣ ਆਪਣੇ ਭਾਰਤ ਨਾਲ ਸਰਹੱਦੀ ਮਸਲਿਆਂ ਦੇ ਹੱਲ ਵੱਲ ਜ਼ਰੂਰ ਧਿਆਨ ਦੇਵੇਗਾ। ਕਿਉਂਕਿ ਏਸ਼ੀਆ ਖਿੱਤੇ ਵਿੱਚ ਪਸਰੀ ਸੁੰਨ ਭਾਰਤ ਦੇ ਜਵਾਨਾਂ ਤੇ ਮਾਣ ਮਹਿਸੂਸ ਕਰਨ ਸ਼ਾਹਦੀ ਭਰਦੀ ਪ੍ਰਤੀਤ ਹੁੰਦੀ ਹੈ।

ਰਜਿੰਦਰ ਸਿੰਘ ਰਾਜਨ
ਗੁਰੂ ਗੋਬਿੰਦ ਸਿੰਘ ਨਗਰ
ਗਲੀ ਨੰ1 ਹਰੇੜੀ ਰੋਡ
ਸੰਗਰੂਰ।
9876184954

ਭਾਈ ਘਨਈਆ ਜੀ ਤੇ ਰੈਡ ਕਰਾਸ ਸੰਸਥਾ

1648 ਵਿੱਚ ਸੋਧਰਾ (ਪਾਕਿ) ਵਿੱਚ ਜਨਮੇ, ਲੋਭ-ਲਾਲਚ ਤੋਂ ਉੱਪਰ,ਉੱਠ ਬਣੇ,ਗੁਰੂ ਘਰ ਦੇ ਸ਼ਰਧਾਲੂ। ਆਉਣ ਵਾਲੀਆਂ ਪੀੜ੍ਹੀਆਂ ਲਈ ਬਣੇ ਰਹਿਨੁਮਾਂ, ਜੰਗ ਵਿੱਚ ਬਿਨਾਂ-ਵਿਤਕਰੇ ਜ਼ਖਮੀਆਂ ਦੀ ਮਲ੍ਹਮ-ਪੱਟੀ ਤੇ ਪਾਣੀ ਪਿਲਾਉਣ ਦੀ ਸੇਵਾ ਦੇ ਦਿਆਲੂ। ਪਿਤਾ ਜੀ ਸਨ ਅਮੀਰ ਵਪਾਰੀ, ਨੇੜੇ ਵਜੀਰਾਬਾਦ ਸਿਆਲਕੋਟ ਜੀ, ਤਿਆਗ ਦੀ ਭਾਵਨਾ ਸੀ, ਮਨ ਵਿੱਚ, ਪਿਤਾ ਪੁਰਖੀ ਕੰਮ ਦੀ, ਨਾ ਲਈ ਓਟ ਜੀ। ਪਿਤਾ ਦੀ ਮੌਤ ਤੋਂ ਬਾਅਦ, ਭਾਈ ਨਨੂਆ ਦੀ ਸੰਗਤ ਵਿੱਚ, ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ ਪਾਏ। 20-22 ਸਾਲ ਦੀ ਉਮਰ ਵਿੱਚ ਅਨੰਦਪੁਰ ਲੰਗਰ ਤੇ ਘੋੜਿਆਂ ਦੀ ਸੇਵਾ ਵਿੱਚ ਬਿਤਾਏ। ਫਿਰ ਭਾਈ ਘਨਈਆ ਜੀ ਸੇਵਾ ਕਰਨ ਲੱਗੇ ਸਮਾਜ ਸੇਵੀ ਸੰਸਥਾਨਾਂ ਦੀ।

ਗੁਰੂ ਗੋਬਿੰਦ ਸਿੰਘ ਜੀ ਦੀ, ਮੁਗਲਾਂ ਨਾਲ, ਚਮਕੌਰ ਦੀ ਗੜ੍ਹੀ ਵਿੱਚ, ਹੋ ਰਹੀ ਸੀ ਲੜਾਈ। ਜ਼ੁਲਮਾਂ ਖਿਲਾਫ, ਜੰਗ ਵਿੱਚ, ਦੋਵੇਂ ਧਿਰਾਂ ਦੀ ਹੋ ਰਹੀ ਸੀ, ਬਹੁਤ ਤਪਾਈ। ਨੇਜ਼ੇ,ਬਰਛੇ,ਤੀਰ- ਤਲਵਾਰਾਂ ਚੱਲੇ, ਜ਼ਖ਼ਮੀ ਤੜਫਦੇ ਦੇ ਰਹੇ ਸਨ ਦੁਹਾਈ। ਘੋੜ ਸਵਾਰੀ ਕਰਤੱਬਾਂ ਦੀ,ਝੜੀ ਲਗਾਈ। ਘਨਈਆ ਜੀ, ਜਖਮੀ ਦੁਸ਼ਮਣਾਂ ਦੀ ਵੀ, ਮੱਰ੍ਹਮ-ਪੱਟੀ ਕਰਕੇ, ਪਾਣੀ ਜਾਂਦੇ ਸਨ ਪਿਲਾਈ। ਕਿਸੇ ਗੁਰੂ ਸਾਹਿਬ ਕੋਲ ਜਾ ਉਹਨਾਂ ਦੀ ਸ਼ਿਕਾਇਤ ਲਗਾਈ। ਗੁਰੂ ਸਾਹਿਬ ਨੇ ਕੋਲ ਬੁਲਾਕੇ, ਸ਼ਾਬਾਸ਼ੀ ਦਿੱਤੀ, ਤੂੰ ਆਪਣਾ ਕੰਮ ਕਰਦਾ ਜਾ ਭਾਈ।70 ਸਾਲ ਦੀ ਉਮਰੇ,ਪਿੰਡ ਸੋਧਰੇ ਵਿੱਚ, ਕੀਰਤਨ ਸੁਣਦੇ,ਪ੍ਰਭੂ ਵਿੱਚ ਹੋ ਗਏ ਲੀਨ। ਪੰਜਾਬ ਵਿੱਚ, ਸੇਵਾ-ਪੰਥੀ ਸੰਸਥਾ ਨੇ, ਉਨ੍ਹਾਂ ਦੇ ਕੰਮਾਂ ਦੀ ਤਰਜ਼ ਤੇ, ਸਭ ਨੂੰ ਲਿਆ ਕੀਲ। ਅਨੰਦਪੁਰ ਸਾਹਿਬ ਵਿੱਚ "ਜੂਨੀਅਰ ਯੂਥ ਰੈਡ ਕ੍ਰਾਸ ਸੰਸਥਾ",20-21-22 ਸਤੰਬਰ ਨੂੰ ,ਉਨ੍ਹਾਂ ਦੀ ਯਾਦ ਵਿੱਚ ਮਨਾਉਂਦੀ ਯਾਦਗਾਰੀ ਦਿਨ।

ਹੋਰ ਵੀ ਬਹੁਤ ਸਮਾਜ ਸੇਵੀ ਹੋਏ,ਜਿਨ੍ਹਾਂ ਵਿੱਚੋਂ ਫਲੋਰੈਂਸ ਨਾਈਟਿੰਗੇਲ ਹੋਈ, ਸਮਾਜ ਸੁਧਾਰਕ ਤੇ ਅੰਕੜਾ ਵਿਗਿਆਨੀ। 5 ਮਈ1820 ਨੂੰ ਜਨਮੀ, ਇਟਲੀ ਦੇ ਟਸਕਨੀ ਵਿੱਚ, ਸੀ ਆਧੁਨਿਕ ਨਰਸਿੰਗ ਦੀ ਬਾਨੀ।30 ਜੁਲਾਈ 1890ਨੂੰ"ਚਾਰਜ ਆਫ ਦਾ ਲਾਈਫ ਬਰਗੇਡ" ਲਈ, ਪੈਸਾ ਇਕੱਠਾ ਕਰਨ ਦਾ, ਰਿਕ-ਾਰਡ ਬਣਾਇਆ। ਕਰੀਮੀਅਨ ਜੰਗ 1854 ਵਿੱਚ, 38 ਨਰਸਾਂ ਦੀ,ਗਰੁੱਪ ਲੀਡਰ ਬਣ ਕੇ ਜ਼ਖ਼ਮੀ ਅੰਗਰੇਜ਼ਾਂ ਦੀ, ਸੇਵਾ ਦਾ ਫਰਜ਼ ਨਿਭਾਇਆ। ਉਸ ਨੂੰ ਰੋਸ਼ਨੀ ਵਾਲੀ ਦੇਵੀ (ਲੇਡੀ ਆਫ ਲੈਂਪ)ਵੀ ਸੀ ਕਹੀ ਜਾਂਦੀ। ਬਹੁਤ ਭਾਸ਼ਾਵਾਂ ਦੀ ਗਿਆਤਾ ਨਰਸਿੰਗ ਸੇਵਾ ਲਈ ਰਾਤ ਦਿਨ ਇੱਕ ਸੀ ਕਰ ਦਿੰਦੀ।1863ਵਿੱਚ ਸਵਿਟਜ਼ਰਲੈਂਡ ਦੇ ਹੈਨਰੀ ਨੇ ਸੈਲਫਰੀਨੋ ਦੇ ਯੁੱਧ ਤੋਂ ਪ੍ਰਭਾਵਿਤ ਹੋ ਕੇ ਰੈਡ ਕਰਾਸ ਸੰਸਥਾ ਚਲਾਈ। 1864 'ਚ, ਜਨੇਵਾ ਕਨਵੈਨਸ਼ਨ, 1900 ਵਿੱਚ ਅਮਰੀਕਾ ਤੇ ਪੱਛਮੀ ਦੇਸ਼ਾਂ ਰੈਡ ਕਰਾਸ ਸੰਸਥਾ ਅਪਣਾਈ

ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂ ਜ਼ਿਲਾ ਪਟਿਆਲਾ ਹਾਲ ਆਬਾਦ # 639/40 ਏ ਚੰਡੀਗੜ੍ਹ। ਫੋਨ ਨੰਬਰ : 9878469639

ਗੁਰਦੁਆਰਾ ਦੁੱਖ ਨਿਵਾਰਨ ਸ੍ਰੀ ਗੁਰੂ ਨਾਨਕ ਚਰਨਸ਼ਰ ਭੀਖੋਵਾਲ ਵਿਖੇ 74ਵਾਂ ਭੰਡਾਰਾ ਅਤੇ ਸੰਤ ਸਮੇਲਨ 17 ਮਈ ਤੱਕ

ਹੁਸ਼ਿਆਰਪੁਰ (ਤਰਸੇਮ ਦੀਵਾਨਾ) ਗੁਰਦੁਆਰਾ ਦੁੱਖ ਨਿਵਾਰਨ ਸ੍ਰੀ ਗੁਰੂ ਨਾਨਕ ਚਰਨਸ਼ਰ ਭੀਖੋਵਾਲ ਵਿਖੇ ਧੰਨ ਧੰਨ ਬਾਬਾ ਭਰਥਰੀ ਹਰੀ ਜੀ ਦੀ ਪਵਿਤਰ ਯਾਦ 'ਚ 74ਵੇਂ ਭੰਡਾਰੇ ਤੇ ਸੰਤ ਸਮੇਲਨ ਦਾ ਬੜੀ ਬੜੀ ਸ਼ਰਧਾ ਤੇ ਭਾਵਨਾ ਨਾਲ ਕਰਵਾਇਆ ਜਾ ਰਿਹਾ ਜਿਹੜਾ ਕਿ 15 ਤੋਂ 17 ਮਈ ਤੱਕ ਪੂਰੀ ਧਾਰਮਿਕ ਸ਼ਰਧਾ ਭਾਵਨਾ ਤੇ ਉਤਸਾਹ ਨਾਲ ਮਨਾਇਆ ਜਾਵੇਗਾ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਬੰਧਕ ਕਮੇਟੀ ਦੇ ਭਾਈ ਸੰਤੋਖ ਸਿੰਘ, ਭਾਈ ਅਵਤਾਰ ਸਿੰਘ, ਭਾਈ ਹਰਪਾਲ ਸਿੰਘ ਤੇ ਹਜੂਰੀ ਰਾਗੀ ਗਿਆਨੀ ਹਜਾਰਾ ਸਿੰਘ ਨੇ ਦੱਸਿਆ ਕਿ 15 ਮਈ ਨੂੰ ਗੁਰਦੁਆਰਾ ਦੁੱਖ ਨਿਵਾਰਨ ਸ੍ਰੀ ਗੁਰੂ ਨਾਨਕ ਚਰਨਸ਼ਰ ਭੀਖੋਵਾਲ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰੱਬੀ ਬਾਣੀ ਦੇ ਸ੍ਰੀ ਆਖੰਡ

ਪਾਠਾਂ ਦੀ ਲੜੀ ਸ਼ੁਰੂ ਹੋਵੇਗੀ ਜਦਕਿ 16 ਮਈ ਨੂੰ ਰਹਿਰਾਸ ਜੀ ਦੀ ਬਾਣੀ ਦੇ ਪਾਠ ਉਪਰੰਤ ਬ੍ਰਹਮ ਗਿਆਨੀ ਸੱਚ ਖੰਡ ਵਾਸੀ ਨਿਮਰਤਾ ਦੇ ਪੁੰਜ, ਮਹਾਨ ਪਰੋਪਕਾਰੀ, ਦਾਨੀ ਭਗਤ ਬਾਬਾ ਚਰਨ ਸਿੰਘ ਜੀ ਦੀ ਪਵਿਤਰ ਯਾਦ 'ਚ ਵਿਸ਼ਾਲ ਦੀਵਾਨ ਸਜਾਇਆ ਜਾਵੇਗਾ। ਇਸ ਸਮਾਗਮ ਦੀਆ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਉਨ੍ਹਾਂ ਦੱਸਿਆ ਕਿ ਦੇਸ਼ ਵਿਦੇਸ਼ਾ ਤੋ ਆਉਣ ਵਾਲੀਆਂ ਸੰਗਤਾਂ ਦੀ ਰਿਹਾਇਸ਼, ਖਾਣ ਪੀਣ ਦੀ ਵੀ ਵਿਵਸਥਾ ਬੜੇ ਸੁਚੱਜੇ ਢੰਗ ਨਾਲ ਕੀਤੀ ਜਾ ਰਹੀ ਹੈ। ਉਹਨਾਂ ਨੇ ਦੱਸਿਆ ਕਿ 17 ਮਈ ਨੂੰ ਸਵੇਰੇ 8ਵਜੇ ਸ੍ਰੀ ਅਖੰਡ ਪਾਠਾਂ ਦੇ ਭੋਗ ਉਪਰੰਤ ਵਿਸ਼ਾਲ ਪੰਡਾਲ 'ਚ ਸਜਾਏ ਜਾਣਗੇ ਇਸ ਦੀਵਾਨ 'ਚ ਸੰਤ ਮਹਾਪੁਰਸ਼, ਰਾਗੀ ਢਾਡੀ ਕੀਰਤਨੀ ਜਥੇ ਸੰਗਤਾਂ ਨੂੰ ਗੁਰਬਾਣੀ ਨਾਲ ਸੰਗਤਾਂ ਨੂੰ ਨਿਹਾਲ ਕਰਣਗੇ।

ਖੱਟੀ ਖੱਟ ਗਏ ਮੁਰੱਬਿਆਂ ਵਾਲੇ, ਨੀਂ ਅਸੀਂ ਰਹਿ ਗਏ ਨਾਅਰੇ ਮਾਰਦੇ!

ਇਸ ਸਮੇਂ ਪੰਜਾਬ ਚਾਰੇ ਦਿਸ਼ਾਵਾਂ ਤੋਂ ਘਿਰਿਆ ਹੋਇਆ ਹੈ। ਇਸ ਦੇ ਨਾਬਰੀ ਸੁਭਾਅ ਨੂੰ ਖ਼ਤਮ ਕਰਨ ਲਈ ਹਰ ਤਰ੍ਹਾਂ ਦਾ ਤਰੀਕਾ ਵਰਤਿਆ ਜਾ ਰਿਹਾ ਹੈ। ਇਸ ਨੂੰ ਲੁੱਟਿਆ ਪੁੱਟਿਆ ਤੇ ਕੁੱਟਿਆ ਜਾ ਰਿਹਾ ਹੈ। ਪੰਜਾਬ ਜਿਹੜੇ ਸੰਕਟਾਂ ਦੇ ਵਿਚੋਂ ਗੁਜ਼ਰ ਰਿਹਾ ਹੈ, ਇਹ ਸੰਕਟ ਉਸਨੇ ਆਪ ਸਹੇੜੇ ਹਨ, ਜਾਂ ਫਿਰ ਉਸਨੂੰ ਇਹਨਾਂ ਸੰਕਟਾਂ ਦੇ ਵਿੱਚ ਫਸਾਇਆ ਗਿਆ ਹੈ? ਇਹ ਦੋ ਸਵਾਲ ਪੰਜਾਬ ਦੇ ਲੋਕਾਂ, ਸਿਆਸੀ ਪਾਰਟੀਆਂ ਤੇ ਭਾਰਤੀ ਸਟੇਟ ਨੂੰ ਪੁੱਛਣ ਦੀ ਲੋੜ ਹੈ। ਕਿਉਂਕਿ ਪੰਜਾਬ ਦੇ ਧਾਰਮਿਕ, ਆਰਥਿਕ, ਸਿਆਸੀ ਪਾਰਟੀਆਂ ਦੇ ਆਗੂਆਂ ਤੇ ਬੁੱਧੀਜੀਵੀਆਂ ਨੂੰ ਪੁੱਛਣ ਦੀ ਲੋੜ ਹੈ ਕਿ ਉਹਨਾਂ ਨੇ ਕਿਉਂ ਆਪਣੇ ਨਿੱਜੀ ਸਵਾਰਥਾਂ ਲਈ ਪੰਜਾਬ ਨੂੰ ਉਜਾੜਨ ਤੇ ਸੂਲੀ ਟੰਗਿਆ? ਗੱਲ ਨੂੰ ਸਮਝਣ ਲਈ ਇਹ ਕਥਾ ਹੈ, ਚੂਹਾ ਪਿੰਜਰੇ ਵਿੱਚ ਭੁੱਖ ਦੇ ਕਾਰਨ ਫਸਦਾ ਹੈ। ਭੁੱਖੇ ਚੂਹੇ ਨੂੰ ਰੋਟੀ ਤਾਂ ਦਿਖਦੀ ਹੈ ਪਰ ਪਿੰਜਰਾ ਨਹੀਂ ਦਿਖਦਾ। ਇਸੇ ਲਾਲਚ ਵਿੱਚ ਉਹ ਫਸ ਜਾਂਦਾ ਹੈ। ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਵੀ ਸੱਤਾ ਦੀ ਭੁੱਖ ਸਤਾਉਂਦੀ ਰਹਿੰਦੀ ਸੀ, ਇਸੇ ਭੁੱਖ ਨੇ ਉਹਨਾਂ ਨੂੰ ਫਸਾਈ ਰੱਖਿਆ। ਪੰਜਾਬ ਦੇ ਲੋਕਾਂ ਨੇ ਇਹਨਾਂ ਸਿਆਸੀ ਪਾਰਟੀਆਂ ਦੇ ਆਗੂਆਂ ਦੇ ਮਗਰ ਲੱਗ ਕੇ ਪੰਜਾਬ ਦਾ ਝੁੱਗਾ ਚੌੜ ਕਰਵਾਇਆ ਹੈ। ਹੁਣ ਇਹ ਆਖਦੇ ਹਨ ਕਿ ਅਸੀਂ ਪੰਜਾਬ ਨੂੰ ਵਿਕਾਸ ਦੀਆਂ ਲੀਹਾਂ ਉਤੇ ਤੋਰਿਆ ਹੈ। ਹੁਣ ਇਹ ਗੱਲ ਸਮਝ ਆਉਂਦੀ ਹੈ ਕਿ ਇਹ ਸਿਆਸੀ ਪਾਰਟੀਆਂ ਤਾਂ ਕਠਪੁਤਲੀਆਂ ਹਨ। ਇਹਨਾਂ ਦੀ ਡੋਰ ਦਿੱਲੀ ਦੇ ਬੈਠੇ ਹਾਕਮਾਂ ਕੋਲ ਹੈ। ਦਿੱਲੀ ਦੇ ਹਾਕਮਾਂ ਦੀ ਡੋਰ ਅਮਰੀਕਾ ਦੇ ਹੱਥ ਹੈ। ਅਮਰੀਕਾ ਦੀ ਡੋਰ ਉਹਨਾਂ ਸਰਮਾਏਦਾਰਾਂ ਕੋਲ ਹੈ। ਜਿਹੜੇ ਦੁਨੀਆਂ ਉੱਤੇ ਆਪਣਾ ਰਾਜ ਕਰਦੇ ਹਨ। ਸਾਨੂੰ ਇਹ ਸਿਖਿਆ ਦਿੱਤੀ ਗਈ ਕਿ ਬੰਦੇ ਦੀ ਡੋਰ ਤਾਂ ਉਪਰ ਵਾਲੇ ਦੇ ਹੱਥ ਹੈ। ਉਪਰ ਕੌਣ ਹੈ, ਇਸ ਦਾ ਰਹੱਸ ਅਜੇ ਤੱਕ ਕੋਈ ਸਮਝ ਨਹੀਂ ਸਕਿਆ। ਪਰ ਜੋਂ ਕੁੱਝ ਦਿਖਾਈ ਦੇ ਰਿਹਾ, ਇਸਨੂੰ ਨਜ਼ਰ ਅੰਦਾਜ਼ ਕਰਕੇ ਅੱਖਾਂ ਮੀਟ ਲੈਣੀਆਂ ਜਿਉਂਦੇ ਤੇ ਜਾਗਦੇ ਲੋਕਾਂ ਦਾ ਸੁਭਾਅ ਨਹੀਂ। ਭਾਵੇਂ ਭਾਰਤੀ ਸਟੇਟ ਪੰਜਾਬ ਦੇ ਨਾਬਰੀ ਸੁਭਾਅ ਨੂੰ ਖ਼ਤਮ ਕਰਨ ਦੇ ਰਸਤੇ ਤੁਰੀ ਹੋਈ ਹੈ। ਪੰਜਾਬ ਨੂੰ ਜੰਗ ਦਾ ਮੈਦਾਨ ਬਣਾਇਆ ਹੋਇਆ ਹੈ। ਸਰਹੱਦ ਤੇ ਗੋਲੀਬਾਰੀ ਬੰਦ ਹੈ। ਪਰ ਪੰਜਾਬ ਦੇ ਵੱਖ ਵੱਖ ਇਲਾਕਿਆਂ ਵਿੱਚ ਡਰੋਨ ਡਿੱਗ ਰਹੇ ਹਨ। ਧਮਾਕੇ ਹੋ ਰਹੇ ਹਨ। ਲੋਕ ਡਰ ਤੇ ਸਹਿਮ ਦੇ ਮਾਹੌਲ ਵਿੱਚ ਰਾਤਾਂ ਜਾਗ ਕੇ ਕੱਟਣ ਲਈ ਮਜਬੂਰ ਹਨ। ਇਹ ਡਰੋਨ ਕੇਵਲ ਪੰਜਾਬ ਦੇ ਵਿੱਚ ਹੀ ਕਿਉਂ ਡਿੱਗ ਰਹੇ ਤੇ ਆ ਰਹੇ ਹਨ ? ਇਹਨਾਂ ਦੀ ਪੰਜਾਬ ਦੇ ਲੋਕਾਂ ਨਾਲ ਕੀ ਦੁਸ਼ਮਣੀ ਹੈ? ਇਹਨਾਂ ਸਵਾਲਾਂ ਦੇ ਜਵਾਬ ਵਿੱਚ ਸਭ ਚੁੱਪ ਹਨ। ਇਹ ਚੁੱਪ ਉਹਨਾਂ ਲਈ ਲਾਹੇਵੰਦ ਹੈ, ਜਿਹਨਾਂ ਦੀ ਪੰਜਾਬ ਦੇ ਲੋਕਾਂ ਨਾਲ ਦੁਸ਼ਮਣੀ ਹੈ।ਸਿਆਣੇ ਆਖਦੇ ਹਨ ਕਿ ਲਾਈਲੱਗ ਨਾ ਹੋਵੇ ਘਰਵਾਲਾ ਤੇ ਚੰਦਰਾ ਗੁਆਂਢ ਬੁਰਾ। ਜਦੋਂ ਪੰਜਾਬੀਆਂ ਨੂੰ ਇਹ ਦੋਵੇਂ ਵਰਦਾਨ ਮਿਲੇ ਹੋਣ ਫੇਰ ਕਿਸੇ ਨੂੰ ਕੋਈ ਬਹੁਤੀ ਮਿਹਨਤ ਕਰਨ ਦੀ ਲੋੜ ਨਹੀਂ ਪੈਂਦੀ। ਬੰਦਾ ਆਪ ਹੀ ਗਲ਼ ਵਿੱਚ ਰੱਸਾ ਪਾ ਕੇ ਆਪਣੀ ਲੀਲ੍ਹਾ ਖ਼ਤਮ ਕਰ ਲੈਂਦਾ ਹੈ। ਪੰਜਾਬ ਦੇ ਲੋਕ ਜਿਥੇ ਸੋਚਣਾ ਬੰਦ ਕਰਦੇ ਹਨ, ਬੇਗਾਨੇ ਉਥੋਂ ਸ਼ੁਰੂ ਕਰਦੇ ਹਨ। ਇਸੇ ਕਰਕੇ ਉਹਨਾਂ ਦੀਆਂ ਚਾਲਾਂ ਪੰਜਾਬ ਦੇ ਲੋਕਾਂ ਦੇ ਸਮਝ ਨਹੀਂ ਆਉਂਦੀਆਂ ਤੇ ਨਾ ਆਉਣੀਆਂ ਹਨ। ਕਿਉਂਕਿ ਅਸੀਂ ਜਿਵੇਂ ਠੇਕੇ ਤੇ ਜ਼ਮੀਨ ਲੈਣ ਕੇ ਵਾਹੁੰਦੇ ਤੇ ਬੀਜਦੇ ਹਾਂ। ਇਸੇ ਤਰ੍ਹਾਂ ਅਸੀਂ ਠੇਕੇ ਉੱਤੇ ਦਿਮਾਗ਼ ਲੈਂਦੇ ਹਾਂ। ਉਹ ਗੱਡੀ ਵਿਚਲੇ ਤੇਲ ਵਾਂਗ ਓਨਾ ਚਿਰ ਹੀ ਚੱਲਦਾ ਹੈ ਜਦੋਂ ਤੱਕ ਉਸ ਵਿੱਚ ਤੇਲ ਹੋਵੇ। ਕਈ ਬਾਰ ਉਹ ਸੁੱਕਾ ਵੀ ਚੱਲ ਜਾਂਦਾ ਹੈ। ਫੇਰ ਰਿੰਗ, ਬੈਰਿੰਗ ਤੇ ਹੋਰ ਪਤਾ ਨਹੀਂ ਕੀ ਕੀ ਖਰਾਬ ਕਰ ਦੇਂਦਾ ਹੈ। ਉਦੋਂ ਤੱਕ ਭਾਣਾ ਬੀਤ ਜਾਂਦਾ ਹੈ, ਰਾਮ ਨਾਮ ਸੱਤ ਹੋ ਜਾਂਦਾ ਹੈ। ਅਗਲਿਆਂ ਨੇ ਖੇਡ ਅਜਿਹੀ ਖੇਡੀ ਪਤਾ ਹੀ ਨਹੀਂ ਲੱਗਿਆ ਕਿ ਰਾਤ ਨੂੰ ਕੀ ਹੋਣਾ ਹੈ ਤੇ ਹੋ ਗਿਆ। ਪਹਿਲਾਂ ਅਗਲਿਆਂ ਨੇ ਪਾੜ ਪਾਇਆ, ਬੁਰਕੀ, ਘੁਰਕੀ ਤੇ ਕੁਰਸੀ ਦਾ ਚੋਗਾ ਪਾਇਆ। ਉਹਨਾਂ ਦੇ ਜਦੋਂ ਸਭ ਕੁੱਝ ਕਾਬੂ ਆਇਆ ਤਾਂ ਉਨ੍ਹਾਂ ਨੇ ਇਹਨਾਂ ਨੂੰ ਨਚਾਇਆ। ਜਿਵੇਂ ਕਹਿੰਦੇ ਹਨ ਕਿ ਨੱਚਣ ਵਾਲੇ ਦੀ ਅੱਡੀ ਨਾ ਰਹਿੰਦੀ ਤੇ ਗਾਉਣ ਵਾਲੇ ਦਾ ਮੂੰਹ। ਬਸ ਇਸੇ ਤਰ੍ਹਾਂ ਵਿਕਣ ਵਾਲਿਆਂ ਦੀ ਕਦੇ ਵੀ ਬੋਲੀ ਲਗਾਈ ਜਾ ਸਕਦੀ ਹੈ। ਉਹ ਜਦੋਂ ਵਿਕਦੇ ਹਨ ਤਾਂ ਕਿਸੇ ਨੂੰ ਮਹਿਸੂਸ ਨਹੀਂ ਹੋਣ ਦੇਂਦੇ। ਜਿਵੇਂ ਪੰਜਾਬ ਦੀਆਂ ਜਮਾਂਬੰਦੀਆਂ ਦੱਸ ਦੀਆਂ ਹਨ, ਕਿਸ ਦੀ ਜ਼ਮੀਨ ਗਹਿਣੇ ਹੈ। ਪਿੰਡਾਂ ਵਿੱਚ ਤਾਂ ਟੌਹਰਾਂ ਬੜੀਆਂ ਹਨ। ਕੋਠੀਆਂ, ਕਾਰਾਂ, ਬੰਦੂਕਾਂ ਤੇ ਕੁੱਤਿਆਂ ਦੀ ਭਰਮਾਰ ਹੈ। ਇਹਨਾਂ ਬਘਿਆੜਾਂ ਤੇ ਸ਼ਿਕਾਰੀ ਕੁੱਤਿਆਂ ਨੇ ਮਜੀਠਾ ਵਿਖੇ ਸ਼ਿਕਾਰ ਖੇਡਿਆ ਹੈ। ਇਸ ਤਰ੍ਹਾਂ ਦਾ ਸ਼ਿਕਾਰ ਪਹਿਲਾਂ ਜੰਡਿਆਲਾ ਗੁਰੂ ਤੇ ਸੰਗਰੂਰ ਦੇ ਵਿੱਚ ਖੇਡਿਆ ਗਿਆ ਸੀ। ਸ਼ਿਕਾਰੀਆਂ ਦੇ ਵਿੱਚ ਸਿਆਸੀ ਪਾਰਟੀਆਂ ਆਗੂ, ਸਥਾਨਕ ਪੁਲਿਸ ਪ੍ਰਸ਼ਾਸਨ ਦੇ ਅਧਿਕਾਰੀ ਸ਼ਾਮਲ ਸਨ। ਜਿਵੇਂ ਕਹਿੰਦੇ ਹੁੰਦੇ ਹਨ ਕਿ ਤਕੜੇ ਦਾ ਸੱਤੀਂ ਵੀਹੀਂ ਸੌ ਹੁੰਦਾ ਹੈ। ਮਰਨ ਵਾਲੇ ਆਰਥਿਕ ਤੌਰ ਗਰੀਬ ਕਿਰਤੀ ਵਰਗ ਦੇ ਲੋਕ ਹਨ। ਉਹਨਾਂ ਦੀ ਮੌਤ ਉਤੇ ਕਿਸੇ ਨੇ ਹੰਝੂ ਨਹੀਂ ਕੇਰਨੇ, ਸਗੋਂ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਰੋਟੀਆਂ ਸੇਕਣੀਆਂ ਸ਼ੁਰੂ ਕਰ ਦਿੱਤੀਆਂ ਹਨ। ਆਪਣੀਆਂ ਕੱਛ ਵਿੱਚ ਦੂਜਿਆਂ ਦੀਆਂ ਹੱਥ ਵਿੱਚ ਲੈ ਕੇ, ਸ਼ਬਦ ਜੁਗਾਲੀ ਕਰਨ ਲੱਗੇ ਹਨ। ਹੁਣ ਤੱਕ ਕਿਸੇ ਵੀ ਘਟਨਾ ਦੇ ਕਾਰਨਾਂ ਤੇ ਅਸਲੀ ਦੋਸ਼ੀਆਂ ਦੇ ਚਿਹਰੇ ਸਾਹਮਣੇ ਨਹੀਂ ਆਏ। ਪਿਛਲੇ ਛੇ ਦਹਾਕਿਆਂ ਤੋਂ ਇਹੋ ਹੀ ਵਰਤਾਰਾ ਚੱਲ ਰਿਹਾ ਹੈ ਤੇ ਚੱਲੀ ਜਾਣਾ ਹੈ। ਕਿਉਂਕਿ ਪੰਜਾਬ ਦੇ ਲੋਕ ਲਾਈਲੱਗ ਤੇ ਪਿੱਛਲੱਗੂ ਹਨ। ਇਹਨਾਂ ਦੀ ਹਾਲਤ ਜੀਹਦੇ ਨਾਲ ਕਰਾਂ ਗੱਲਾਂ ਉਹਦੇ ਨਾਲ ਤੁਰ ਚੱਲਾਂ। ਇਹਨਾਂ ਨੂੰ ਆਪਣੇ ਆਪ ਤੁਰਨਾ ਕਦੇ ਨਹੀਂ ਆਇਆ। ਕਿਉਂਕਿ ਇਹਨਾਂ ਨੂੰ ਗੁੜ੍ਹਤੀ ਹੀ ਮਗਰ ਲੱਗ ਕੇ ਤੁਰਨ ਦੀ ਦਿੱਤੀ ਹੈ। ਸਭ ਕਿਸੇ ਨਾ ਕਿਸੇ ਦੇ ਮਗਰ ਤੁਰੇ ਜਾ ਰਹੇ ਹਨ। ਕੋਈ ਸਿਆਸੀ ਪਾਰਟੀਆਂ ਮਗਰ ਹੈ, ਕੋਈ ਸਾਧਾਂ ਦੇ ਡੇਰਿਆਂ ਵੱਲ ਜਾ ਰਿਹਾ ਹੈ। ਕੋਈ ਕਿਸੇ ਮਗਰ ਤੇ ਕੋਈ ਹੋਰ ਮਗਰ, ਭੇਡਾਂ ਬੱਕਰੀਆਂ ਵਾਂਗੂੰ ਸਿਰ ਸੁੱਟ ਕੇ ਜਾਂ ਰਹੇ ਹਨ। ਇਹਨਾਂ ਨੇ ਕਦੇ ਇਹ ਨਹੀਂ ਸੋਚਿਆ ਤੇ ਵਿਚਾਰਿਆ ਕਿ ਉਹਨਾਂ ਦੀ ਹਾਲਤ ਕੀ ਹੈ ਤੇ ਜੀਹਨਾਂ ਮਗਰ ਲੱਗ ਕੇ ਸੀਰੀ ਬਣੇ ਹਨ, ਉਹਨਾਂ ਦੀ ਹਾਲਤ ਕੀ ਹੈ। ਸਿਆਸੀ ਤੇ ਧਾਰਮਿਕ ਆਗੂਆਂ ਦੀਆਂ ਜਾਇਦਾਦਾਂ ਹਰ ਸਾਲ ਸੌ ਤੋਂ ਛੇ ਸੌ ਗੁਣਾਂ ਵੱਧਦੀਆਂ ਹਨ। ਆਮ ਲੋਕਾਂ ਨੂੰ ਰੋਜ਼ੀ ਰੋਟੀ ਕਮਾਉਣ ਲਈ ਸੰਘਰਸ਼ ਕਰਨਾ ਪੈ ਰਿਹਾ ਹੈ। ਜੀਹਨਾਂ ਨੇ ਆਮ ਲੋਕਾਂ ਨੂੰ ਸਹੀ ਸੇਧ ਦੇਣੀ ਸੀ, ਉਹ ਆਪ ਦਿਸ਼ਾ ਹੀਣ ਹੋ ਗਏ ਹਨ। ਆਮ ਲੋਕਾਂ ਨੂੰ ਜਾਗਰੂਕ ਕਰਨ ਲਈ ਕੋਈ ਤਿਆਰ ਨਹੀਂ ਹੈ, ਨਾ ਲੋਕ ਜਾਗਰੂਕ ਹੋਣਾ ਚਾਹੁੰਦੇ ਹਨ। ਉਹਨਾਂ ਨੂੰ ਅਜੇ ਦੋ ਵਕਤ ਦੀ ਰੋਟੀ ਮਿਲ਼ਦੀ ਹੈ। ਜਦੋਂ ਇਹ ਮਿਲਣੀ ਬੰਦ ਹੋਈ ਤਾਂ ਹੋ ਸਕਦਾ ਲੋਕ ਜਾਗਣ। ਅਜੇ ਤਾਂ ਉਹ ਸਰੂਰ ਵਿੱਚ ਮਗਨ ਹੋ ਕੇ ਤੁਰੇ ਜਾ ਰਹੇ ਹਨ। ਉਹਨਾਂ ਨੂੰ ਹਰ ਕੋਈ ਜੰਨਤ ਦੇ ਦਰਵਾਜ਼ੇ ਤੱਕ ਛੱਡਣ ਦਾ ਭਰੋਸਾ ਦੇ ਰਿਹਾ ਹੈ। ਉਹ ਸਿਆਸੀ ਆਗੂ ਹੋਵੇ ਜਾਂ ਫਿਰ ਕੋਈ ਡੇਰੇਦਾਰ। ਜਿਵੇਂ ਸਰਬਜੀਤ ਚੀਮਾ ਗਾਉਂਦਾ ਹੈ, ਪੈਸਾ ਜਿਵੇਂ ਨਚਾਈ ਜਾਂਦਾ, ਦੁਨੀਆਂ ਨੱਚੀ ਜਾਂਦੀ ਹੈ। ਇਸ ਸਭ ਕੁੱਝ ਨੂੰ ਦੇਖ ਕੇ ਪਹਿਲਾਂ ਦੀਦਾਰ ਸੰਧੂ ਨੇ ਗਾਇਆ ਸੀ, ਖੱਟੀ ਖੱਟ ਗਏ ਮੁਰੱਬਿਆਂ ਵਾਲੇ ਨੀਂ ਅਸੀਂ ਰਹਿ ਗਏ ਭਾਅ ਪੁੱਛਦੇ। ਸੋ ਦੋਸਤੋ ਖੱਟੀ ਕੌਣ ਖੱਟੀ ਜਾ ਰਿਹਾ ਹੈ, ਇਹ ਮੁਰੱਬਿਆਂ ਵਾਲੇ ਕੌਣ ਹਨ? ਸਿਆਸੀ ਪਾਰਟੀਆਂ ਆਗੂ, ਡੇਰੇਦਾਰ, ਸਿਹਤ, ਸਿਖਿਆ ਤੇ ਬੁੱਧੀਜੀਵੀ ਤੇ ਉਹ ਜੋਂ ਨਜ਼ਰ ਨਹੀਂ ਆਉਂਦੇ? ਇਹਨਾਂ ਦੀ ਪਛਾਣ ਕਰਨ ਦੀ ਲੋੜ ਹੈ, ਪਛਾਣ ਕਰਨ ਲਈ ਗਿਆਨ ਹਾਸਲ ਕਰਨਾ ਪੈਂਦਾ ਹੈ। ਉਸ ਲਈ ਅਧਿਐਨ ਕਰਨਾ ਪੈਂਦਾ ਹੈ। ਪਰ ਅਸੀਂ ਸਿੱਖਿਆ, ਧਾਰਮਿਕ ਸਥਾਨਾਂ ਤੇ ਗਿਆਨ ਵੰਡਣ ਵਾਲੀਆਂ ਸੰਸਥਾਵਾਂ ਦੀ ਪ੍ਰਕਰਮਾ ਕਰਦੇ ਹਾਂ। ਗਿਆਨ ਹਾਸਲ ਨਹੀਂ ਕਰਦੇ। ਡਿਗਰੀਆਂ ਤੇ ਗਿਆਨ ਹਾਸਲ ਕਰਨ ਵਿੱਚ ਫ਼ਰਕ ਹੁੰਦਾ ਹੈ। ਜਦੋਂ ਸਾਨੂੰ ਇਹ ਸਮਝ ਆ ਗਈ ਕਿ ਸਾਨੂੰ ਪੜ੍ਹਾਇਆ ਕੀ ਜਾਂਦਾ ਹੈ ਤੇ ਸਾਨੂੰ ਕਰਨਾ ਕੀ ਪੈਦਾ ਹੈ? ਇਸ ਅੰਤਰ ਦਵੰਦ ਨੂੰ ਸਮਝਣ ਲਈ ਤੀਜਾ ਨੇਤਰ ਜਗਾਉਣ ਦੀ ਲੋੜ ਹੈ। ਜਿਹੜਾ ਬਹੁਗਿਣਤੀ ਲੋਕਾਂ ਦਾ ਬੰਦ ਹੈ। ਜਿਸ ਦਾ ਖੁੱਲ੍ਹਾ ਹੈ, ਉਹ ਆਪਣੇ ਆਲੇ ਦੁਆਲੇ ਦੇ ਲੋਕਾਂ ਬੰਦ ਨੇਤਰ ਖੋਲ੍ਹੇ ਤੇ ਬੋਲੇ। ਖੱਟੀ ਖੱਟ ਗਏ ਮੁਰੱਬਿਆਂ ਵਾਲੇ ਤੇ ਅਸੀਂ ਰਹਿ ਗਏ ਭਾਅ ਪੁੱਛਦੇ।

ਬੁੱਧ ਸਿੰਘ ਨੀਲੋਂ
9464370823

ਸਾਹਿਤ ਸਮਾਜ

ਉਸਤਾਦ ਚਾਨਣ ਗੋਬਿੰਦਪੁਰੀ ਯਾਦਗਾਰੀ ਟਰਸੱਟ ਨਵੀਂ ਦਿੱਲੀ ਵੱਲੋਂ 2026 ਦਾ (ਚਾਨਣ ਗੋਬਿੰਦਪੁਰੀ ਪੁਰਸਕਾਰ) ਸ਼ਾਇਰਾ, ਸਾਹਿਤਕਾਰਾ ਤੇ ਸਮਾਜਸੇਵੀ ਰਮਿੰਦਰ ਰੰਮੀ ਨੂੰ

ਉਸਤਾਦ ਨਾਮਵਰ ਗ਼ਜ਼ਲਗੋ ਚਾਨਣ ਗੋਬਿੰਦਪੁਰੀ ਜੀ ਦੀ ਸਪੁੱਤਰੀ ਅੱਜਕੱਲ ਕੈਨੇਡਾ ਆਏ ਹੋਏ ਹਨ । ਉਸਤਾਦ ਚਾਨਣ ਗੋਬਿੰਦਪੁਰੀ ਯਾਦਗਾਰੀ ਟਰਸੱਟ ਨਵੀਂ ਦਿੱਲੀ ਦੇ ਉਹ ਆਰਗੇਨਾਈਜ਼ਰ ਹਨ ਤੇ ਬੀ . ਕੇ . ਪੁਰੀ (ਰਿਟਾ . ਡਿਪਟੀ ਸੈਕਟਰੀ , ਹੋਮ ਮਨਿਸਟਰੀ ਦਿੱਲੀ) ਚਾਨਣ ਗੋਬਿੰਦਪੁਰੀ ਜੀ ਦੇ ਸਪੁੱਤਰ , ਉਰਮਿਲ ਪ੍ਰਕਾਸ਼ ਜੀ ਦੇ ਭਰਾ ਟਰਸੱਟ ਦੇ ਫ਼ਾਊਂਡਰ ਹਨ । ਟਰਸੱਟ ਵੱਲੋਂ ਹਰ ਸਾਲ ਇਹ ਪੁਰਸਕਾਰ ਕਿਸੇ ਸਾਹਿਤਕਾਰਾ ਜਾਂ ਸਮਾਜਸੇਵੀ ਨੂੰ ਦਿੱਤਾ ਜਾਂਦਾ ਹੈ । ਉਰਮਿਲ ਪ੍ਰਕਾਸ਼ ਨੂੰ ਕੈਨੇਡਾ ਵਿਖੇ ਟਰਸੱਟ ਵੱਲੋਂ ਜੋ ਕਾਰਜ ਉਹ ਕਰ ਰਹੇ ਹਨ , ਇਸ ਵੱਡਮੁੱਲੇ ਕਾਰਜ ਲਈ (ਕੈਨੇਡੀਅਨ ਪੰਜਾਬੀ ਸਾਹਿਤ ਸਭਾ , ਵਿਸ਼ਵ ਪੰਜਾਬੀ ਸਭਾ ਕੈਨੇਡਾ (ਚੇਅਰਮੈਨ ਡਾ . ਦਲਬੀਰ ਸਿੰਘ ਕਥੂਰੀਆ) ਅਤੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ (ਫ਼ਾਊਂਡਰ ਰਮਿੰਦਰ ਰੰਮੀ) ਵੱਲੋਂ ਉਹਨਾਂ ਨੂੰ ਸਨਮਾਨਿਤ ਵੀ ਕੀਤਾ ਗਿਆ ਹੈ । ਇਹਨਾਂ ਸੰਸਥਾਵਾਂ ਵਿੱਚ ਉਹਨਾਂ ਨੇ ਇਹ ਐਲਾਨ ਵੀ ਕੀਤਾ ਹੈ ਕਿ ਰਮਿੰਦਰ ਰੰਮੀ ਦੇ ਸਾਹਿਤਕ ਅਤੇ ਸਮਾਜਸੇਵੀ ਕੰਮਾਂ ਨੂੰ ਦੇਖਦੇ ਹੋਏ 2026 ਦਾ (ਚਾਨਣ ਗੋਬਿੰਦਪੁਰੀ ਪੁਰਸਕਾਰ) ਰਮਿੰਦਰ ਰੰਮੀ ਨੂੰ ਦਿੱਤਾ ਜਾਵੇਗਾ । ਮੈਂ ਬਹੁਤ ਮਾਣ

ਮਹਿਸੂਸ ਕਰ ਰਹੀ ਹਾਂ ਤੇ ਮੈਂ ਗ਼ਜ਼ਲ ਉਸਤਾਦ ਚਾਨਣ ਗੋਬਿੰਦਪੁਰੀ ਯਾਦਗਾਰੀ ਟਰੱਸਟ ਦਿੱਲੀ ਅਤੇ ਉਰਮਿਲ ਜੀ ਦੀ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ ਕਿ ਉਨ੍ਹਾਂ ਨੇ ਮੈਨੂੰ ਚਾਨਣ ਗੋਬਿੰਦਪੁਰੀ ਐਵਾਰਡ ਵਾਸਤੇ ਚੁਣਿਆ ਹੈ । ਧੰਨਵਾਦ ਸਹਿਤ ।

ਰਮਿੰਦਰ ਰੰਮੀ

ਸਾਲਾਨਾ ਜੋੜ ਮੇਲਾ (ਪੰਜ ਪੀਰ ਸਰਕਾਰ ਦਾ) ਪਿੰਡ ਲੰਗੇਰੀ ਵਿਖ਼ੇ ਮਨਾਇਆ ਗਿਆ

ਦਰਬਾਰ ਪੰਜ ਪੀਰ ਜੀ ਦਾ ਸਲਾਨਾ ਜੋੜ ਮੇਲਾ ਪਿੰਡ ਲੰਗੇਰੀ ਲੱਖਪੁਰ ਵਿਖ਼ੇ 14 ਅਤੇ 15 ਮਈ ਦਿਨ ਬੁੱਧਵਾਰ ਤੇ ਵੀਰਵਾਰ ਨੂੰ ਐਨ ਆਰ ਆਈ ਵੀਰਾਂ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ, ਮੇਲੇ ਦੇ ਪਹਿਲੇ ਦੁਪਹਿਰ 2 ਵਜੇ ਝੰਡੇ ਦੀ ਰਸਮ ਕੀਤੀ ਗਈ ਉਪਰੰਤ ਮੇਹਦੀ ਦੀ ਰਸਮ ਹੋਈ, ਸ਼ਾਮ 4 ਵਜੇ ਸੁਨੇਣਾ ਨਕਾਲ ਪਾਰਟੀ ਵਲੋਂ ਨਕਲਾਂ ਦਾ ਪ੍ਰੋਗਰਾਮ ਪੇਸ਼ ਕੀਤਾ ਗਿਆ, ਮੇਲੇ ਦੇ ਦੂਸਰੇ ਦਿਨ ਪੰਜਾਬ ਦੇ ਪ੍ਰਸਿੱਧ ਗਾਇਕ ਕਲਾਕਾਰ ਗਾਇਕ ਭੈਣਾਂ ਕੌਰ ਸਿਸਟਰਜ਼ ਪ੍ਰਮੀਤ ਕੌਰ ਹਰਮੀਤ ਕੌਰ, ਬੇਬੀ ਏ ਕੌਰ, ਮਨੀ ਜੇਜਾਨੀਆ, ਲਵੀਸ਼ ਚੌਹਾਨ, ਗੁਰਮੇਜ ਮੇਹਲੀ, ਬੀਬਾ ਜੈ ਕੌਰ ਜੱਸੀ ਵਲੋਂ ਦਾਤਾ ਜੀ ਦੀ ਮਹਿਮਾਂ ਦਾ ਗੁਣਗਾਣ ਕੀਤਾ ਗਿਆ, ਇਸ ਮੌਕੇ ਸਟੇਜ਼ ਦੀ ਭੂਮਿਕਾ ਬਿੱਟੂ

ਮੇਹਟਾ ਵਾਲੇ ਵਲੋਂ ਕੀਤੀ ਪਕੌੜਿਆ ਦੇ ਲੰਗਰ ਅਤੇ ਗਈ, ਇਸ ਮੌਕੇ ਚਾਹ ਦਾਤਾ ਜੀ ਦੇ ਲੰਗਰ ਅਟੁੱਟ ਵਰਤਾਏ ਗਏ, ਇਸ ਮੌਕੇ ਦਰਬਾਰ ਭੋਲੇ ਸ਼ਾਹ ਪੀਰ ਖਾਨ ਖਾਨਾ ਦੇ ਗੱਦੀ ਨਸ਼ੀਨ ਸਾਈ ਜਸਵੀਰ ਸ਼ਾਹ ਜੀ ਸਾਬਰੀ, ਪਿੰਡ ਲੰਗੇਰੀ ਤੋਂ ਸਾਈ ਜਸਵੀਰ ਸ਼ਾਹ ਜੀ ਪਹੁੰਚੇ, ਇਸ ਮੌਕੇ ਮੁੱਖ ਸੇਵਾਦਾਰ ਬਿੱਲਾ ਭਾਜੀ ਲੰਗੇਰੀ, ਮਨਜਿੰਦਰ ਸਿੰਘ, ਦਲਵੀਰ, ਸਾਬਕਾ ਪੰਚ ਕੁਲਵਿੰਦਰ, ਰਾਮ ਕਿਸ਼ਨ, ਸ਼੍ਰੀ ਰਾਮ ਸਾਬਕਾ ਪੰਚ, ਜਸਵਿੰਦਰ ਸਿੰਘ ਰਾਣੂ, ਜੋਗਾ ਲੰਗੇਰੀ, ਸੋਹਣ ਸਿੰਘ ਲੰਗੇਰੀ ਪਟਰੋਲ ਪੰਪ ਵਾਲੇ, ਅਮਨਦੀਪ ਮੌਜੂਦਾ ਸਰਪੰਚ ਲੰਗੇਰੀ, ਜਗਨ ਨਾਥ ਸਰਪੰਚ ਲੱਖਪੁਰ ਰਾਜਵਿੰਦਰ ਕੌਰ ਸਰਪੰਚ ਲੱਖਪੁਰ, ਰਣਵੀਰ ਬੇਰਾਜ, ਦਲਜੀਤ ਰਾਏ ਬੈਂਸ ਵਾਲਾ, ਕਰਮਜੀਤ ਲੱਖਪੁਰੀ ਆਦਿ ਸੰਗਤਾਂ ਹਾਜ਼ਰ ਸਨ।

ਬੁੱਧ ਵਿਹਾਰ ਸਿਧਾਰਥ ਨਗਰ ਵਿਖੇ ਬੁੱਧ ਪੂਰਨਿਮਾ ਧੂਮ ਧਾਮ ਨਾਲ ਮਨਾਈ ਗਈ

● ਤਥਾਗਤ ਬੁੱਧ ਸ਼ਾਂਤੀ ਦੇ ਸਾਗਰ ਸਨ-ਡਾਕਟਰ ਗੌਤਮ ● ਬੋਧੀ ਆਗੂ ਕਰਤਾਰ ਚੰਦ ਨੇ ਪੰਚਸ਼ੀਲ ਦਾ ਝੰਡਾ ਲਹਿਰਾਇਆ

ਜਲੰਧਰ (ਪਰਮਜੀਤ ਜੱਸਲ)- ਬੁੱਧ ਵਿਹਾਰ ਸਿਧਾਰਥ ਨਗਰ ਜਲੰਧਰ ਵਿਖੇ ਬੁੱਧ ਪੂਰਨਿਮਾ ਬੜੀ ਸ਼ਰਧਾ ਅਤੇ ਧੂਮ ਧਾਮ ਨਾਲ ਸ੍ਰੀ ਹੁਸਨ ਲਾਲ ਬੌਧ ਅਤੇ ਚੰਚਲ ਬੌਧ ਦੀ ਪ੍ਰਧਾਨਗੀ ਹੇਠ ਮਨਾਈ ਗਈ। ਕਮੇਟੀ ਦੇ ਸਾਬਕਾ ਪ੍ਰਧਾਨ ਸ੍ਰੀ ਕਰਤਾਰ ਚੰਦ ਜੀ ਬੌਧ ਵਲੋਂ ਪੰਚਸ਼ੀਲ ਦਾ ਝੰਡਾ ਲਹਿਰਾਇਆ ਗਿਆ। ਸਮਾਗਮ ਦੀ ਸ਼ੁਰੂਆਤ ਬੁੱਧ ਵੰਦਨਾ, ਤਰੀ ਸ਼ਰਨ ਅਤੇ ਪੰਚਸ਼ੀਲ ਦਾ ਪਾਠ ਕਰਕੇ ਕੀਤੀ ਗਈ।ਇਸ ਮੌਕੇ 'ਤੇ ਅੰਬੇਡਕਰੀ ਮਿਸ਼ਨਰੀ ਆਗੂ ਡਾ. ਉਦੈ ਗੌਤਮ ਚੂਹੜਵਾਲੀ ਮੁੱਖ ਮਹਿਮਾਨ ਸਨ। ਸ੍ਰੀ ਗੌਤਮ ਜੀ ਨੇ ਕਿਹਾ ਕਿ ਤਥਾਗਤ ਬੁੱਧ ਸ਼ਾਂਤੀ ਦੇ ਸਾਗਰ ਸਨ। ਜਿਨਾਂ ਦੇ ਮਾਨਵੀ ਵਿਚਾਰਾਂ ਕਰਕੇ ਅੱਜ ਬਰਾਬਰਤਾ ਸੁਤੰਤਰਤਾ ਤੇ ਭਾਈਚਾਰੇ ਨੂੰ ਮਹਾਨਤਾ ਦਿੱਤੀ ਗਈ ਹੈ। ਬਾਬਾ ਸਾਹਿਬ ਜੀ ਨੇ 21 ਸਾਲਾਂ ਦੀ ਸੋਚ ਵਿਚਾਰ ਤੋਂ ਬਾਅਦ 14 ਅਕਤੂਬਰ 1956 ਨੂੰ ਬੁੱਧ ਧਰਮ ਅਖਤਿਆਰ ਕੀਤਾ, ਜੋ ਮਨੁੱਖਤਾ ਨੂੰ ਪਹਿਲ ਦਿੰਦਾ। ਜੇ ਅਸੀਂ ਦੁੱਖਾਂ ਦੇ ਕਾਰਨਾਂ ਦਾ ਹੱਲ ਕੱਢ ਲਈਏ ਤਾਂ ਸਾਡਾ ਜੀਵਨ ਸੁਖਮਈ ਹੋ ਸਕਦਾ ਹੈ। ਐਡਵੋਕੇਟ ਹਰਭਜਨ ਸਾਂਪਲਾ ਜਨਰਲ ਸਕੱਤਰ ਬੁੱਧ ਵਿਹਾਰ ਟਰੱਸਟ ਸੋਫੀ ਪਿੰਡ ਨੇ ਕਿਹਾ ਕਿ ਅੱਜ ਆਪਾਂ ਤਥਾਗਤ ਬੁੱਧ ਜੀ ਦੀ 2569ਵੀਂ ਜੈਅੰਤੀ ਮਨਾ ਰਹੇ ਹਾਂ। ਅੱਜ ਦੇ ਦਿਨ ਹੀ ਤਥਾਗਤ ਬੁੱਧ ਨੂੰ ਗਿਆਨ ਪ੍ਰਾਪਤ ਹੋਇਆ ਸੀ। ਅੱਜ ਦੇ ਇਤਿਹਾਸਕ ਦਿਨ 'ਤੇ ਤਥਾਗਤ ਬੁੱਧ ਦਾ ਪ੍ਰੀਨਿਰਵਾਣ ਹੋਇਆ ਸੀ। ਐਡਵੋਕੇਟ ਸਾਂਪਲਾ ਜੀ ਨੇ ਇਸ ਮੌਕੇ ਸਭ ਨੂੰ ਵਧਾਈ ਦਿੱਤੀ। ਸੀਨੀਅਰ ਬੋਧੀ ਆਗੂ ਸ੍ਰੀ ਹੁਸਨ ਲਾਲ ਬੌਧ ਜੀ ਨੇ ਕਿਹਾ ਕਿ ਤਥਾਗਤ ਬੁੱਧ ਦੇ ਵਿਚਾਰਾਂ, ਸਿੱਖਿਆਵਾਂ 'ਤੇ ਚੱਲਣਾ ਸਮੇਂ ਦੀ ਵਡਮੁੱਲੀ ਲੋੜ ਹੈ। ਮਨੁੱਖ ਤ੍ਰਿਸ਼ਨਾ ਦਾ ਤਿਆਗ ਕਰੇ ਤਾਂ ਉਸ ਦਾ ਜੀਵਨ ਸੁੱਖਾ ਭਰਿਆ ਹੋਵੇਗਾ। ਸਤਵਿੰਦਰ ਮਡਾਰ ਜੀ ਨੇ ਤਥਾਗਤ ਬੁੱਧ ਦੀਆਂ ਸਿੱਖਿਆਵਾਂ ਅਤੇ ਫਲਸਫੇ 'ਤੇ ਚੱਲਣ ਲਈ ਪ੍ਰੇਰਨਾ ਦਿੱਤੀ। ਪ੍ਰਿੰਸੀਪਲ ਪਰਮਜੀਤ ਜੱਸਲ ਜੀ ਨੇ ਵਧਾਈ ਦਿੰਦਿਆਂ ਕਿਹਾ ਕਿ ਤਥਾਗਤ ਬੁੱਧ ਜੀ ਹਮੇਸ਼ਾ ਸ਼ਾਂਤੀ, ਪਿਆਰ, ਸਮਾਨਤਾ, ਆਜ਼ਾਦੀ, ਭਾਈਚਾਰੇ ਨੂੰ ਪਹਿਲ ਦਿੰਦੇ ਸਨ। ਸ੍ਰੀ ਰਾਮ ਨਾਥ ਸੁੰਡਾ ਜੀ ਨੇ ਸਟੇਜ ਦੀ ਬਾਖੂਬੀ ਕਾਰਵਾਈ ਚਲਾਈ। ਪ੍ਰਬੰਧਕਾਂ ਵੱਲੋਂ ਮੁੱਖ ਮਹਿਮਾਨ ਡਾਕਟਰ ਗੌਤਮ ਜੀ ਨੂੰ ਸਨਮਾਨਿਤ ਕੀਤਾ ਗਿਆ। ਮੁੰਨਾ ਬੌਧ ਜੀ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਚੰਚਲ ਬੌਧ ਨੇ ਸਮਾਗਮ ਵਿੱਚ ਪਹੁੰਚੇ ਬੁੱਧੀਜੀਵੀਆਂ ਦਾ ਧੰਨਵਾਦ ਕੀਤਾ। ਸਮਾਗਮ ਉਪਰੰਤ ਸਾਰਿਆਂ ਨੂੰ ਭੋਜਨ ਦਾਨ ਕੀਤਾ ਗਿਆ। ਯਾਦ ਰਹੇ ਐਸ.ਆਰ. ਕਟਾਰੀਆ ਸਿਹਤਯਾਬ ਨਾ ਹੋਣ ਕਰਕੇ ਸਮਾਗਮ ਵਿੱਚ ਨਹੀਂ ਪਹੁੰਚ ਸਕੇ। ਇਸ ਮੌਕੇ 'ਤੇ ਚਮਨ ਸਾਂਪਲਾ, ਮਿਹਰ ਚੰਦ,ਸੁਰਿੰਦਰ ਕੁਮਾਰ, ਨਰਿੰਦਰ ਬੋਧ, ਮਨਜੀਤ ਕੌਰ ਸਾਂਪਲਾ ,ਕਾਂਤਾ ਸਾਂਪਲਾ, ਰੱਜਤ ਆਦਿ ਵੀ ਸ਼ਾਮਿਲ ਹੋਏ।

ਬੁੱਧ ਪੂਰਨੀਮਾ ਉਤਸਵ

ਜਲੰਧਰ (ਸਮਾਜ ਵੀਕਲੀ) ਜਿਲ੍ਹਾਂ ਬਾਰ ਐਸੋਸੀਏਸਨ ਜਲੰਧਰ ਅਤੇ ਲੀਗਲ ਅਵੇਅਰਨੈਸ ਮੰਚ ਜਲੰਧਰ ਵਲੋਂ ਬੁੱਧ ਪੁਰਨਿਮਾ ਬਹੁਤ ਸ਼ਰਧਾ ਅਤੇ ਧੂਮ-ਧਾਮ ਨਾਲ ਮਨਾਈ ਗਈ। ਇਸ ਮੋਕੇ ਐਡਵੋਕੇਟ ਅਦਿੱਤਿਆਂ ਜੈਨ ਪ੍ਰਧਾਨ ਜਿਲ੍ਹਾਂ ਬਾਰ ਐਸੋਸੀਏਸਨ ਜਲੰਧਰ ਨੇ ਬੁੱਧ ਪੁਰਨਿਮਾ ਦੀ ਵਧਾਈ ਦਿੰਦੀਆ ਕਿਹਾ ਕਿ ਬੁੱਧ ਪੁਰਨਿਮਾ ਪੂਰੇ ਵਿਸ਼ਵ ਵਿੱਚ ਬਹੁਤ ਸਰਧਾਂ ਨਾਲ ਮਨਾਇਆ ਜਾਦਾ ਹੈ, ਜਿਸਤੇ ਭਾਰਤ ਨੂੰ ਬਹੁਤ ਮਾਣ ਹੈ. ਉਨਾ ਕਿਹਾ ਕਿ ਸਾਨੂੰ ਤਥਾਂਗਤ ਬੁੱਧ ਦੀਆ ਸਿਖਿਆਵਾਂ ਤੇ ਅਮਲ ਕਰਨਾ ਚਾਹਿੰਦਾ ਹੈ,ਤਾ ਜੋ ਸਾਡੇ ਸਮਾਜ ਵਿੱਚ ਸਾਂਤੀ ਪ੍ਰੇਮ ਪਿਆਰ, ਅਜਾਦੀ ਬਰਾਬਰੀ ਅਤੇ ਭਾਈਚਾਰੇ ਦੀ ਸਥਾਪਨਾ ਹੋ ਸਕੇ.

ਇਸ ਮੋਕੇ ਐਡਵੋਕੇਟ, ਬਲਦੇਵ ਪ੍ਰਕਾਸ ਰੱਲ ਸਾਬਕਾ ਪ੍ਰਧਾਨ, ਜਿਲ੍ਹਾਂ ਬਾਰ ਐਸੋਸੀਏਸਨ, ਜਲੰਧਰ ਐਡਵੋਕੇਟ ਸੰਗੀਤਾ ਸ਼ੋਨੀ ਸਾਬਕਾ ਸਹਾਇਕ ਸੱਕਤਰ, ਐਡਵੋਕੇਟ ਹਰਭਜਨ ਸਾਂਪਲਾ, ਐਡਵੋਕੇਟ ਰਜਿੰਦਰ ਕੁਮਾਰ ਅਜ਼ਾਦ ਅਤੇ ਐਡਵੋਕੇਟ ਰੋਹਿਤ ਗੰਭੀਰ ਸੱਕਤਰ ਜਿਲ੍ਹਾਂ ਬਾਰ. ਐਸੋਸੀਏਸਨ, ਜਲੰਧਰ, ਅਤੇ ਐਡਵੋਕੇਟ ਬਲਵਿੰਦਰ ਕੁਮਾਰ (ਲੀਡਰ ਬੀ.ਐਸ.ਪੀ.) ਨੇ ਵੀ ਬੁੱਧ ਪੂਰਨਿਮਾ ਦੀ ਵਧਾਈ ਦਿੱਤੀ। ਇਸ ਮੋਕੇ ਐਡਵੋਕੇਟ ਆਰ ਕੇ ਚੋਪੜਾਂ, ਐਡਵੋਕੇਟ ਰਾਜ ਕੁਮਾਰ ਬੈਂਸ, ਐਡਵੋਕੇਟ ਰੋਸ਼ਨ ਲਾਲ ਦੁੱਗ, ਐਡਵੋਕੇਟ ਦੀਪਕ ਕੁਮਾਰ, ਐਡਵੋਕੇਟ ਅਮਰਜੀਤ ਮਹੇ, ਐਡਵੋਕੇਟ ਪਵਨ ਵਿਰਦੀ, ਐਡਵੋਕੇਟ ਪਵਨ ਜੱਖੂ, ਐਡਵੋਕੇਟ ਅਸਵਨੀ ਕੁਮਾਰ, ਐਡਵੋਕੇਟ ਆਰ ਕੇ ਮਹਿਮੀ, ਐਡਵੋਕੇਟ ਮੰਗਲ ਦਾਸ ਸਰਮਾਂ, ਐਡਵੋਕੇਟ ਅਜੇ ਕੁਮਾਰ ਰਾਣਾ, ਐਡਵੋਕੇਟ ਜਸਵਿੰਦਰ ਕੁਮਾਰ, ਐਡਵੋਕੇਟ ਤੇਜਿੰਦਰ ਬੱਧਣ, ਐਡਵੋਕੇਟ ਜੀ. ਆਰ. ਪਾਲੀ, ਐਡਵੋਕੇਟ ਨਿਝਰ, ਐਡਵੋਕੇਟ ਆਰ. ਕੇ. ਟੰਡਨ, ਐਡਵੋਕੇਟ ਤੇਜਿੰਦਰ ਕੁਮਾਰ ਧਾਲੀਵਾਲ ਸਾਬਕਾ ਸੱਕਤਰ ਜਿਲ੍ਹਾਂ ਬਾਰ ਐਸੋਸੀਏਸਨ ਜਲੰਧਰ, ਐਡਵੋਕੇਟ ਆਰ. ਕੇ. ਭੱਲਾ, ਐਡਵੋਕੇਟ ਰਕੇਸ਼ ਧੀਰ, ਐਡਵੋਕੇਟ ਸਚਦੇਵਾ ਸਾਹਿਬ, ਐਡਵੋਕੇਟ ਹਰਪ੍ਰੀਤ ਸਿੰਘ ਬੱਧਣ, ਸਾਂਬਕਾ ਉਪ ਪ੍ਰਧਾਨ ਜਿਲ੍ਹਾਂ ਬਾਰ ਐਸੋਸੀਏਸਨ ਜਲੰਧਰ, ਐਡਵੋਕੇਟ ਕਪਿਲ ਭਗਤ, ਐਡਵੋਕੇਟ ਸਾਹਿਲ ਮਲਹੋਤਰਾ ਸੰਯੁਕਤ ਸੱਕਤਰ, ਜਿਲਾਂ ਬਾਰ ਐਸੋਸੀਏਸਨ ਜਲੰਧਰ, ਐਡਵੋਕੇਟ ਅਰੁਣ ਸਰਮਾਂ, ਐਡਵੋਕੇਟ ਹਰਮੇਸ ਮਾਨਵ, ਐਡਵੋਕੇਟ ਰਾਮ ਸਰੂਪ, ਸੰਦੀਪ ਕੁਮਾਰ, ਐਲ. ਐਲ ਬੀ ਸਟੂਡੇਟਸ, ਮੁਲਖ ਰਾਜ, ਦੀਪਕ ਨਾਹਰ, ਅਤੇ ਮਾਸਟਰ ਮਹਿੰਦਰ ਪਾਲ, ਪ੍ਰਧਾਨ ਭਾਰਤੀ ਬਾਲਮਿਕੀ ਸਭਾ ਪੰਜਾਬ, ਅਤੇ ਹੋਰ ਬਹੁਤ ਸਾਰੇ ਐਡਵੋਕੇਟਸ ਵਿਸ਼ੇਸ ਤੋਰ ਤੇ ਹਾਜਿਰ ਸਨ। ਅਖੀਰ ਵਿੱਚ ਖੀਰ ਦਾ ਲੰਗਰ ਅਟੁੱਟ ਵਰਤਾਇਆ ਗਿਆ।

ਜਾਰੀ ਕਰਤਾ ਹਰਭਜਨ ਸਾਂਪਲਾ
ਸੱਕਤਰ ਲੀਗਲ ਅਵੇਰਨੈਸ ਮੰਚ, ਨਵੀ ਕਚਹਿਰੀ, ਜਲੰਧਰ।ਪੰਜਾਬ ਮੋਬਾਇਲ 98726-66784

ਮਿਸੀਸਾਗਾ ਚ ਉੱਘੇ ਟਰਾਂਸਪੋਰਟਰ ਢੱਡਾ ਦਾ ਗੋਲੀਆਂ ਮਾਰ ਕੇ ਕਤਲ

ਪਿਛਲੇ ਸਮੇਂ ਤੋਂ ਫਰੌਤੀਆਂ ਮੰਗਣ ਵਾਲਿਆਂ ਵੱਲੋਂ ਮਿਲ ਰਹੀਆਂ ਸਨ ਧਮਕੀਆਂ

ਵੈਨਕੂਵਰ,ਮਈ (ਮਲਕੀਤ ਸਿੰਘ)- ਕੈਨੇਡਾ ਦੇ ਓਨਟਾਰੀਓ ਸੂਬੇ ਦੇ ਮਿਸੀਸਾਗਾ ਚ ਡਿਕਸਨ-ਡੈਰੀ ਰੋਡ ਨੇੜੇ ਬੁੱਧਵਾਰ ਨੂੰ ਦੁਪਹਿਰ ਸਮੇਂ ਕੁਝ ਅਗਿਆਤ ਵਿਅਕਤੀਆਂ ਵੱਲੋਂ ਉੱਘੇ ਪੰਜਾਬੀ ਟਰਾਂਸਪੋਰਟਰ ਹਰਜੀਤ ਸਿੰਘ ਢੱਡਾ ਦਾ ਗੋਲੀਆਂ ਮਾਰ ਕੇ ਕਤਲ ਕੀਤੇ ਜਾਣ ਦੀ ਸਨਸਨੀਖੇਜ ਘਟਨਾ ਬਾਰੇ ਪਤਾ ਲੱਗਾ ਹੈ। ਇਸ ਸਬੰਧੀ ਪ੍ਰਾਪਤ ਹੋਰਨਾਂ ਵੇਰਵਿਆਂ ਮੁਤਾਬਕ ਸ ਢੱਡਾ ਨੂੰ ਪਿਛਲੇ ਕੁਝ ਸਮੇਂ ਤੋਂ ਫਿਰੌਤੀਆਂ ਮੰਗਣ ਵਾਲੇ ਕੁਝ ਅਗਿਆਤ ਵਿਅਕਤੀਆਂ ਵੱਲੋਂ ਅਗਿਆਤ ਫੋਨ ਕਾਲਾ ਰਾਹੀਂ ਧਮਕੀਆਂ ਦਿੱਤੀਆਂ ਜਾ ਰਹੀਆਂ ਸਨ। ਸ਼ੱਕ ਜਤਾਇਆ ਜਾ ਰਿਹਾ ਹੈ ਕਿ ਇਹ ਕਤਲ ਧਮਕੀਆਂ ਦੇਣ ਦੇ ਮਾਮਲੇ ਨਾਲ ਵੀ ਸੰਬੰਧਿਤ ਹੋ ਸਕਦਾ ਹੈ। ਫਿਲਹਾਲ ਪੁਲਿਸ ਵੱਲੋਂ ਇਸ ਸਬੰਧੀ ਕਾਤਲਾਂ ਨੂੰ ਗ੍ਰਿਫਤਾਰ ਕਰਨ ਲਈ ਵੱਖ-ਵੱਖ ਐਂਗਲਾਂ ਤੋਂ ਜਾਂਚ ਆਰੰਭ ਕਰ ਦਿੱਤੀ ਗਈ ਹੈ। ਸ ਢੱਡਾ ਦੇ ਕਤਲ ਨਾਲ ਸਥਾਨਕ ਪੰਜਾਬੀ ਭਾਈਚਾਰੇ ਚ ਦਹਿਸਤ ਦਾ ਮਾਹੌਲ ਮਹਿਸੂਸ ਕੀਤਾ ਜਾ ਰਿਹਾ ਹੈ। ਵਰਣਨਯੋਗ ਹੈ ਕਿ ਕੈਨੇਡਾ ਦੇ ਉੱਘੇ ਕਾਰੋਬਾਰੀਆਂ ਦੀ ਮੋਹਰਲੀ ਕਤਾਰ ਚ ਗਿਣੇ ਜਾਂਦੇ ਸ ਢੱਡਾ ਦਾ ਪਿਛੋਕੜ ਉੱਤਰਾਖੰਡ ਸੂਬੇ ਦੇ ਬਾਜਪੁਰ ਇਲਾਕੇ ਨਾਲ ਸੰਬੰਧਿਤ ਸੀ।

ਢੱਡਾ ਦੀ ਇੱਕ ਪੁਰਾਣੀ ਤਸਵੀਰ।

ਲੋੜਵੰਦਾਂ ਨੂੰ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਵੰਡੇ ਗਏ ਪੈਂਨਸ਼ਨ ਚੈੱਕ

ਵਾਰਡ ਨੰ. 48 ਬਠਿੰਡਾ ਵਿਖੇ ਲੱਗੇਗਾ ਵਿਸ਼ਾਲ ਮੈਡੀਕਲ ਕੈਂਪ ਪ੍ਰੋ. ਜੇ. ਐਸ. ਬਰਾੜ

ਮੈਨੇਜਿੰਗ ਟਰੱਸਟੀ ਡਾ. ਐਸ.ਪੀ. ਸਿੰਘ ਓਬਰਾਏ ਦੀ ਗਤੀਸ਼ੀਲ ਅਗਵਾਈ ਹੇਠ , ਕੌਮੀ ਪ੍ਰਧਾਨ ਸ. ਜੱਸਾ ਸਿੰਘ ਸੰਧੂ ਅਤੇ ਡਾਇਰੈਕਟਰ ਸਿਹਤ ਸੇਵਾਵਾਂ ਡਾ ਆਰ ਐਸ ਅਟਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅੱਜ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਬਠਿੰਡਾ ਇਕਾਈ ਵਲੋਂ ਲੋੜਵੰਦਾਂ ਨੂੰ ਸਹਾਇਤਾ ਰਾਸ਼ੀ ਦੇ 263 ਚੈੱਕ ਵੰਡੇ ਗਏ। ਜਾਣਕਾਰੀ ਦਿੰਦੇ ਹੋਏ ਜਰਨਲ ਸਕੱਤਰ ਪ੍ਰੋ. ਜਸਵੰਤ ਸਿੰਘ ਬਰਾੜ ਨੇ ਦੱਸਿਆ ਕਿ ਡਾ. ਦਲਜੀਤ ਸਿੰਘ ਗਿੱਲ ਡਾਇਰੈਕਟਰ ਸਿਹਤ ਸੇਵਾਵਾਂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬਠਿੰਡਾ ਜਿਲ੍ਹੇ ਵਿਚ ਤਲਵੰਡੀ ਸਾਬੋ, ਮੌੜ ਮੰਡੀ, ਬੰਠਿਡਾ ਸ਼ਹਿਰ, ਬਾਲਿਆਂਵਾਲੀ, ਪਿੰਡ ਮਹਿਰਾਜ ,ਚਾਉਕੇ ਅਤੇ ਮੰਡੀ ਕਲਾਂ ਵਿਖੇ ਸੰਨੀ ਓਬਰਾਏ ਕਲੀਨੀਕਲ ਲੈਬ ਅਤੇ ਡਾਇਗ-ਨੋਸਟਿਕ ਸੈਂਟਰ ਕੰਮ ਕਰ ਰਹੇ ਹਨ। ਪਿੰਡ ਮੱਲਵਾਲਾ ਵਿਖੇ ਜਲਦ ਹੀ ਸੰਨੀ ਓਬਰਾਏ ਕਲੀਨਿਕਲ ਲੈਬ ਐਂਡ ਡਾਇਗ-ਨੋਸਟਿਕ ਸੈਂਟਰ ਬਣਨ ਦਾ ਕੰਮ ਸ਼ੁਰੂ ਹੋ ਜਾਵੇਗਾ।ਇਹਨਾਂ ਲੈਬੋਰੇਟਰੀਆਂ ਵਿਚ ਸਾਰੇ ਟੈਸਟ ਮਾਰਕਿਟ ਰੇਟਾਂ ਤੋਂ 5 ਵਾਂ ਤੋਂ 10 ਵਾਂ ਹਿੱਸਾ ਰੇਟ ਤੇ ਹੁੰਦੇ ਹਨ। ਉਦਾਹਰਨ ਦੇ ਤੌਰ ਤੇ ਈ.ਸੀ.ਜੀ. ਸਿਰਫ 20 ਰੁ. ਵਿਚ ਹੁੰਦੀ ਹੈ ਅਤੇ ਟਰੱਸਟ ਵੱਲੋਂ ਲਗਾਤਾਰ ਮੈਡੀਕਲ ਕੈਂਪ, ਅੱਖਾਂ ਦੇ

ਆਪਰੇਸ਼ਨ ਕੈਂਪ ਸਰਕਾਰੀ ਸਕੂਲਾਂ ਨੂੰ ਆਰ ਓ ਦਾਨ ,ਸਰਕਾਰੀ ਸਕੂਲਾਂ ਵਿਚ ਫ੍ਰੀ ਬਲੱਡ ਗਰੁੱਪ ਟੈਸਟ, ਲੋੜਵੰਦਾ ਨੂੰ ਮਕਾਨ ਬਣਾ ਕੇ ਦੇਣਾ , ਠੰਡ ਵਿੱਚ ਲੋੜਵੰਦਾ ਨੂੰ ਕੰਬਲ ਵੰਡਣਾ,ਗੁਰਦਿਆਂ ਦੀ ਬੀਮਾਰੀ ਦੇ ਮਰੀਜਾਂ ਲਈ ਕਫਾਇਤੀ ਰੇਟ ਤੇ ਡਾਇਲਸਿਸ ਕਰਨਾ ਅਤੇ ਵਾਹਨਾਂ ਨੂੰ ਰਿਫਲੈਕਟਰ ਲਾਉਣਾ ਆਦਿ ਕੰਮ ਲਗਾਤਾਰ ਜਾਰੀ ਹਨ। ਬਹੁਤ ਹੀ ਜਲਦ ਡਾ. ਐਸ. ਪੀ ਸਿੰਘ ਓਬਰਾਏ ਵੱਲੋਂ ਮਨਜ਼ੂਰ ਕੀਤੀਆਂ 4 ਹੋਰ ਲੈਬੋਰੇਟੀਆਂ ਜਲਦ ਖੋਲ੍ਹੀਆਂ ਜਾਣਗੀਆਂ ।ਜ਼ਿਲ੍ਹੇ ਵਿੱਚ 6 ਸਿਲਾਈ ਸੈਂਟਰ ਅਤੇ ਕੰਪਿਊਟਰ ਸੈਂਟਰ ਕੰਮ ਕਰ ਰਹੇ ਹਨ। ਜਿੱਥੇ ਬੱਚਿਆਂ ਨੂੰ 6 ਮਹੀਨਿਆਂ ਦਾ ਕੋਰਸ ਬਿਲਕੁਲ ਫਰੀ ਕਰਵਾਇਆ ਜਾਂਦਾ ਹੈ। ਇਸ ਤੋਂ ਇਲ-ਾਵਾ ਸਮੇਂ ਸਮੇਂ ਅਨੁਸਾਰ ਸਾਡੀ ਟੀਮ ਦੇ ਮੈਂਬਰ ਲੋਕ ਸੇਵਾ ਲਈ ਤਿਆਰ ਰਹਿੰਦੇ ਹਨ । ਬਠਿੰਡਾ ਦੇ ਵਾਰਡ ਨੰ. 48 ਵਿਖੇ ਜਲਦ ਹੀ 25 ਮਈ ਦਿਨ ਐਤਵਾਰ ਨੂੰ ਬਠਿੰਡਾ ਨਗਰ ਨਿਗਮ ਦੇ ਮੇਅਰ ਪਦਮਜੀਤ ਮਹਿਤਾ ਜੀ ਦੇ ਸਹਿਯੋਗ ਨਾਲ ਵਿਸ਼ਾਲ ਮੈਡੀਕਲ ਕੈਂਪ ਲਾਇਆ ਜਾਵੇਗਾ। ਜਿਸ ਵਿੱਚ ਮਰੀਜ਼ਾਂ ਨੂੰ ਡਾਕਟਰੀ ਸਲਾਹ ਅਤੇ ਦਵਾਈਆਂ ਮੁੱਫਤ ਦਿੱਤੀਆਂ ਜਾਣਗੀਆਂ। ਇਸ ਮੌਕੇ ਜਨਰਲ ਸੈਕਟਰੀ ਅਮਰਜੀਤ ਸਿੰਘ, ਕੈਸ਼ੀਅਰ ਬਲਦੇਵ ਸਿੰਘ ਚਹਿਲ, ਗੁਰਪਿਆਰ ਸਿੰਘ, ਗੁਰਤੇਜ ਸਿੰਘ ਸਿੱਧੂ, ਗੁਰਤੇਜ ਸਿੰਘ ਵਿਰਕ ਅਤੇ ਪਦਮ ਸੈਨ ਗਰਗ ਹਾਜ਼ਰ ਸਨ।

ਹਾਕਮ ਨੂੰ ਪਤਾ ਨਹੀਂ

ਨਕਲੀ ਵਿਕੇ ਸ਼ਰਾਬ, ਹਾਕਮ ਨੂੰ ਪਤਾ ਨਹੀਂ,
ਮਰਦੇ ਨੇ ਲੋਕ ਆਮ , ਹਾਕਮ ਨੂੰ ਖ਼ਤਾ ਨਹੀਂ।
ਗਰੀਬਾਂ ਨੂੰ ਚੰਦ ਟਕੇ ਦੇ ਕੇ, ਚੁੱਪ ਕਰਾ ਦੇਣਾ,
ਹਾਕਮ ਦੀ ਨੀਅਤ ਨੂੰ, ਫਰਕ ਪੈਣਾ ਰਤਾ ਨਹੀਂ।
ਯੁੱਧ ਨਸ਼ਿਆਂ ਵਿਰੁੱਧ, ਲੱਗਦਾ ਫੇਲ ਹੋ ਗਿਆ,
ਚੋਰਾਂ ਤੇ ਰਾਖਿਆਂ ਦਾ, ਆਪਸੀ ਮੇਲ ਹੋ ਗਿਆ।
ਪੈਸੈ ਨਾਲ ਖ਼ਰੀਦ ਲੈਣੇ ਗਵਾਹ ਤੇ ਵਕੀਲ ਸਾਰੇ,
ਜਿਵੇਂ ਥਾਰ ਵਾਲੀ ਬੀਬੀ ਦਾ ਸੀ ਬੇਲ ਹੋ ਗਿਆ।
ਨਸ਼ੇ ਦੇ ਵਪਾਰੀਆਂ ਨੇ, ਹੈ ਦੁਨੀਆਂ ਉਜਾੜੀ,
ਸਾਡੇ ਹਾਕਮਾਂ ਦੀਆਂ, ਮਗਰਮੱਛਾਂ ਨਾਲ ਯਾਰੀ।
ਮਿਲੀਭੁਗਤ ਨਾਲ ਚਲਦੇ, ਨਸ਼ੇ ਦੇ ਕਾਰੋਬਾਰ,
ਅੱਖੀਂ ਘੱਟਾ ਪਾਉਣਾ ਹੈ, ਜਾਂਚ ਪੜਤਾਲ ਜਾਰੀ।
ਕੁੱਝ ਮਾਤੜ੍ਹ ਜਿਹੇ, ਬਲੀ ਦੇ ਬੱਕਰੇ ਬਣ ਜਾਣੇ,
ਕੁੱਝ ਲੋਕਾਂ ਲਈ ਇਹ ਸਿਆਸੀ ਮੁੱਦੇ ਬਣ ਜਾਣੇ।
ਥੋੜੇ ਦਿਨ ਰੌਲਾ ਪੈਣਾ, ਗੱਲ ਠੰਢੇ ਬਸਤੇ ਪੈ ਜਾਣੀ,
ਘਟਨਾਵਾਂ ਲਿਖਣ ਲਈ, ਖਰੜੇ ਬਣ ਜਾਣੇ।
ਚਿੜੀਆਂ ਦੀ ਮੌਤ ' ਤੇ ਹੁੰਦਾ, ਗਵਾਰਾਂ ਦਾ ਹਾਸਾ,
ਕੌਣ - ਕੌਣ ਹੈ ਮੁਜ਼ਰਿਮ, ਆਓ ਕਰੀਏ ਖੁਲਾਸਾ?
ਇਹ ਇੰਜ ਹੋਣਾ ਸੀ, ਮੰਨ ਕੇ ਸਬਰ ਨਾ ਕਰੀਂ,
ਕਿਉਂ ਘਟਨਾਵਾਂ ਹੁੰਦੀਆਂ, ਪੈਦਾ ਕਰ ਜਗਿਆਸਾ।
ਲੋਕੋ ! ਨਸ਼ਿਆ ਵਿਰੁੱਧ, ਕਰੋ ਬੁਲੰਦ ਆਵਾਜ਼,
ਨਸ਼ੇ ਦੇ ਸੌਦਾਗਰਾਂ ਨੂੰ, ਮੋੜੋ ਸਮੇਤ ਵਿਆਜ।
ਹੁੰਦੀ ਕਠ ਲੋਹੇ ਦੀ ਲੱਠ, ਆਓ ਕੱਠੇ ਹੋਈਏ,
ਪਾਲ ਘੂਕ ਸੁੱਤੇ ਹਾਕਮਾਂ ਦੀ, ਸ਼ੀਨ ਲਈਏ ਤਾਜ਼।

ਧਰਮ ਪਾਲ ਪੈਂਥਰ ਅਮਰੀਕਾ
ਫ਼ੋਨ ਨੰਬਰ 84370-44212

ਕਾਲਖ਼

'ਬਾਪੂ, ਅੱਜ ਕੁਲਦੀਪ ਨੇ ਆਉਣਾ ਛੁੱਟੀ , ਮੈਂ ਕਹਾਂ ਕਰਮੀ ਨੂੰ ,ਆਪਣੇ ਘਰ ਜੋਂ ਕੁੱਕੜੀ ਰੱਖੀ ਹੈ ਉਸਦੇ ਬੱਚੇ ਵਾਹਵਾ ਹੋ ਗਏ ਹਨ ਇਕ ਦੋ ਬਣਾ ਦੇਵੇ ਫੇਰ ਅੱਜ,' ਪੱਠੇ ਕੁਤਰ ਦਿਆ ਜਗਤ ਨੇ ਵਿਹੜੇ ਵਿੱਚ ਫਿਰਦੀ ਕੁੱਕੜੀ ਅਤੇ ਉਸਦੇ ਮੋਟੇ ਮੋਟੇ ਚੂਚੇ ਦੇਖ ਕੇ ਬਾਪੂ ਨੂੰ ਕਿਹਾ ।

ਬਾਪੂ ਇਕਦਮ ਉਦਾਸ ਹੋ ਗਿਆ ਉਸਨੇ ਬੜੇ ਚਾਅ ਨਾਲ ਰੱਖੀ ਸੀ ਇਹ ਇੱਕੋ ਕੁੱਕੜੀ ਤੇ ਇਸਦੇ ਚੂਚੇਂ ਜਿਹੜੇ ਹੁਣ ਸੁੱਖ ਨਾਲ ਕੁੱਕੜੀ ਜਿੱਡੇ ਜਿੱਡੇ ਹੋਏ ਫਿਰਦੇ ਸੀ ,ਸਾਰਾ ਦਿਨ ਨੂੰਹ ਪੁੱਤ ਮੋਬਾਈਲ 'ਚ ਤੇ ਬਾਪੂ ਬਸ ਕੁੱਕੜੀ ਆਹਰੇ ਲੱਗਾ ਰਹਿਦਾ

"ਮਰਤਾ ਓਏ ,ਰੋਕ ਰੋਕ ਮੇਰਾ ਹੱਥ ਆ ਗਿਆ ਟੋਕੇ ਚ ", ਬਾਪੂ ਨੇ ਰੌਲਾ ਪਾਂ ਦਿੱਤਾ ।

ਟੋਕਾ ਰੋਕ ਬਾਪੂ ਦਾ ਹੱਥ ਮਸਾ ਕੱਢਿਆ ਟੋਕੇ ਵਿਚੋਂ,ਬਚਾਅ ਹੋ ਗਿਆ ਸੀ। ਬਾਪੂ ਨੂੰ ਫ਼ੜ ਜਗਤ ਅੰਦਰ ਮੰਜੇ ਤੇ ਬਿਠਾਉਂਦੇ ਬੋਲਿਆ ,' ਦੇ ਅੱਜ ਹੱਥ ਵੱਢਿਆ ਜਾਂਦਾ ਬਾਪੂ ਮੈਂ ਤਾਂ ਸਾਰੀ ਉਮਰ ਦਾ ਕਲੰਕੀ ਹੋ ਜਾਂਦਾ ,ਲੋਕਾਂ ਕਹਿਣਾ ਸੀ ਜਾਣ ਕੇ ਕੀਤਾ ਸਭ,'

ਮੇਰੀ ਕੁਕੜੀ ਨੂੰ ਨਾ ਵੱਢੀ,ਮੈਨੂੰ ਵੀ ਕਲੰਕ ਲੱਗ ਜਾਣਾ ਕਿ ਹੱਥੀ ਪਾਲ ਕੇ ਵੱਢ ਕੇ ਖ਼ਾ ਗਏ ,ਫੇਰ ਕਲੰਕ ਚਾਹੇ ਦਿਖੇ ਜਾ ਰੂਹ ਨੂੰ ਲੱਗੇ, ਮੈਂਨੂੰ ਤਾਂ ਇਹ ਜਿਉਂਦੇ ਇਨਸਾਨ ਵਰਗੀ ਲੱਗਦੀ ,ਠੁਮਕ ਠੁਮਕ ਕਰਦੀ ,ਵੇਹੜੇ ਦੀ ਰੋਣਕ।,' ਏਨਾ ਕਹਿ ਬਾਪੂ ਚੁਪਚਾਪ ਕੰਧ ਵਾਲੇ ਪਾਸੇ ਮੂੰਹ ਕਰ ਪੈ ਗਿਆ।

ਮਨਪ੍ਰੀਤ ਕੌਰ ਸੰਧੂ
ਮੁੰਬਈ
097691 86791

Namo Buddhaye

DHAMMA WAVES

Jai Bheem

Watch us Live on Facebook every Sunday at 8 pm Indian Time
live call : +91-966-797-2248
E-mail : dhammawaves.info@gmail.com

Follow Us : www.Dhammawaves.com YouTube Dhammawaves
E-mail : dhammawaves.info@gmail.com

चलो बुद्ध गया
अब नहीं तो कभी नहीं
मिलेगा बौद्धों को बौद्ध गया महा
बुद्ध विहार

Bhikkhu Gautampal

Dhamma Desna By: Bhikkhu GautamPal

Topic: ईश्वर पर विश्वास करना अनैतिक है।
ਪਰਮਾਤਮਾ ਵਿਚ ਵਿਸ਼ਵਾਸ ਅਧਰਮ ਹੈ।
Believing in God is immoral

Topic : Current status of the Bodhgaya(movment)

बोधगया (आंदोलन) की वर्तमान स्थिति

Abolish Bodh Gaya Temple BTA Act 1949

Dr.Harbans Virdee

Sunday
May.18th,2025
at 8 PM
Indian Time

Live On Facebook

Guest Speaker : Dr. Harbans Virdee (Buddhist Writer UK)

Samaj Weekly

ਸਮਾਜ ਵੀਕਲੀ

Punjabi, Hindi & English Newspaper - UK & EU Edition

ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook

samajweekly

ਸਾਨੂੰ ਐਕਸ ਤੇ ਫੌਲੋ ਕਰੋ

@samajweekly

ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ

ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484

email:-Samajweekly@gmail.com